ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 17 * Issue 201

Daily Newspaper Monday, October 22, 2018

Tel: 905-793-2202 Fax: 905-793-2282 news@punjabipost.ca



Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2


# ‘ਅਸੀਂ ਲਿੰਡਾ ਦੇ ਨਾਲ ਹਾਂ’

ਬਰੈਂਪਟਨ, 21 ਅਕਤੂਬਰ (ਪੋਸਟ ਬਿਊਰੋ)- ਅੱਜ ਓਂਟਾਰੀਓ ਵਿਚ ਮਿਉਂਸਪਲ ਚੋਣਾਂ ਦਾ ਦਿਨ ਹੈ। ਟੋਰਾਂਟੋ, ਮਿਸੀਸਾਗਾ, ਮਾਰਖਮ, ਮਿਲਟਨ ਆਦਿ ਸ਼ਹਿਰਾਂ ਦੇ ਮੇਅਰ ਦੀ ਚੋਣ ਵਿਚ ਬਹੁਤੀ ਰੱਦੋ ਬਦਲ ਨਜ਼ਰ ਨਹੀਂ ਆ ਰਹੀ। ਬਰੈਂਪਟਨ ਵਿਚ ਮੇਅਰ ਦੀ ਚੋਣ ਦਾ ਅਖਾੜਾ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਵੱਖ-ਵੱਖ ਸਰਵੇਖਣਾਂ ਨੇ ਲਿੰਡਾ ਜਾਫਰੀ ਤੇ ਪੈਟ੍ਰਿਕ ਨੂੰ ਬਰਾਬਰ ਦਿਖਾਇਆ ਹੈ। ਇਨ੍ਹਾਂ ਸਰਵੇਖਣਾਂ ਦੇ ਆਉਣ ਤੋਂ ਬਾਅਦ ਜੋ ਲੋਕ ਲਿੰਡਾ ਜਾਫਰੀ ਦੀ ਜਿੱਤ ਯਕੀਨੀ ਸਮਝਦੇ ਸਨ, ਉਹ ਪੂਰੀ ਤਰ੍ਹਾਂ ਸਰਗਰਮ ਹੋ ਚੁੱਕੇ ਹਨ ਤੇ ਤੀਜੇ ਤੇ ਚੌਥੇ ਨੰਬਰ ’ਤੇ ਆ ਰਹੇ ਉਮੀਦਵਾਰਾਂ ਦੀ ਹਿਮਾਇਤ ’ਤੇ ਵੀ ਕੰਮ ਕਰਦੇ ਨਜ਼ਰ ਆ ਰਹੇ ਹਨ। ਚੋਣ ਪ੍ਰਚਾਰ ਕੱਲ ਤੋਂ ਬੰਦ ਹੋ ਚੁੱਕਿਆ ਹੈ, ਪਰ ਸੋਸ਼ਲ ਮੀਡੀਆ ’ਤੇ ਇਸ ਸਮੇਂ ਵੱਖ-ਵੱਖ ਉਮੀਦਵਾਰਾਂ ਦੇ ਇਸ਼ਤਿਆਰ ਘੁੰਮ ਰਹੇ ਹਨ, ਜਿਨ੍ਹਾਂ ਵਿਚੋਂ ਬਹੁ ਗਿਣਤੀ ‘ਅਸੀਂ ਲਿੰਡਾਂ ਦੇ ਨਾਲ ਹਾਂ’ ਦੀ ਹੈ। ਇਸ ਚੋਣ ਮੁਹਿੰਮ ਦੌਰਾਨ ਬਹੁਤ ਸਾਰੇ ਰਾਜਨੀਤਿਕ, ਧਾਰਮਿਕ, ਸਮਾਜਿਕ ਤੇ ਖੇਡ ਸੰਗਠਨਾਂ ਨੇ ਆਪਣੇ ਚਹੇਤੇ ਉਮੀਦਵਾਰਾਂ ਨੂੰ ਸਮਰਥਨ ਦੇਣ ਦਾ ਐਲਾਨ ਵੀ ਖੁਲ੍ਹੇਆਮ ਕੀਤਾ ਹੋਇਆ ਹੈ। ਬਰੈਂਪਟਨ ਤੋਂ ਐਮਪੀ ਰੂਬੀ ਸਹੋਤਾ, ਕਮਲ ਖਹਿਰਾ, ਸੋਨੀਆ ਸਿੱਧੂ, ਰਮੇਸ਼ਵਰ ਸੰਘਾ ਤੇ ਰਾਜ ਗਰੇਵਾਲ, ਐਮਪੀਪੀ ਪ੍ਰਭਮੀਤ ਸਰਕਾਰੀਆ, ਸਾਰਾ ਸਿੰਘ (ਡਿਪਟੀ ਲੀਡਰ ਐਨਡੀਪੀ ਪਾਰਟੀ), ਕੈਬਿਨ ਯਾਰਡ ਅਤੇ ਗੁਰਰਤਨ ਸਭ ਨੇ ਲਿੰਡਾ ਦੀ ਹਿਮਾਇਤ ਦੀ ਅਪੀਲ ਕੀਤੀ ਹੈ। ਇਸੇ ਤਰ੍ਹਾਂ ਕੌਂਸਲਰ, ਰੀਜਨਲ ਕੌਂਸਲਰ ਤੇ ਸਕੂਲ ਟਰੱਸਟੀ ਲਈ ਮੈਦਾਨ ਵਿਚ ਉਮੀਦਵਾਰਾਂ ਨੇ ਵੀ ਆਪਣੀ ਪੂਰੀ ਸਲੇਟ ਤਿਆਰ ਕਰਕੇ ਲਿੰਡਾ ਦੀ ਹਿਮਾਇਤ ਦਾ ਐਲਾਨ ਕੀਤਾ ਹੋਇਆ ਹੈ। ਦੂਸਰੇ ਪਾਸੇ ਪੈਟ੍ਰਿਕ ਬ੍ਰਾਊਨ ਨੂੰ ਜ਼ਿਆਦਾਤਰ ਰਿਟਾਇਰ ਹੋ ਰਹੇ ਕੌਂਸਲ ਮੈਬਰ, ਸਾਬਕਾ ਐਮਪੀ ਗੁਰਬਖਸ਼ ਮੱਲ੍ਹੀ ਤੇ ਵੱਖ-ਵੱਖ ਹਿੰਦੂ ਸੰਸਥਾਵਾਂ ਤੋਂ ਸਮਰਥਨ ਹਾਸਿਲ ਹੋ ਚੁੱਕਿਆ ਹੈ। ਦੂਜੇ ਪਾਸੇ ਲੇਬਰ ਯੂਨੀਅਨ ਤੇ ਓਂਟਾਰੀਓ ਗੁਰਦੁਆਰਾਜ਼ ਕਮੇਟੀ ਵੀ ਪੂਰੀ ਤਰ੍ਹਾਂ ਲਿੰਡਾ ਜਾਫਰੀ ਨਾਲ ਡਟ ਚੁੱਕੀ ਹੈ। ...ਬਾਕੀ ਪੰਨਾ 6 ’ਤੇ

## ਸੋਸ਼ਲ ਮੀਡੀਆ ’ਤੇ ਸੁਨੇਹਾ ਹੋਇਆ ਵਾਇਰਲ




# ਵੋਟ ਪਾਉਣ ਲਈ ਨਿਕਲਣ ਵਾਸਤੇ ਸੀ.ਪੀ.ਬੀ.ਏ. ਵੱਲੋਂ ਅਪੀਲ

ਬਰੈਂਪਟਨ, 21 ਅਕਤੂਬਰ (ਪੋਸਟ ਬਿਊਰੋ)- ਕੈਨੇਡੀਅਨ ਪੰਜਾਬੀ ਬਰਾਡਕਾਸਟਰ ਐਸੋਸੀਏਸ਼ਨ ਦੇ ਕੋਆਰਡੀਨੇਟਰ ਤੇ ਸਮੂਹ ਸੰਸਥਾ ਵਲੋਂ ਅੱਜ ਭਾਈਚਾਰੇ ਨੂੰ ਮਿਉਸਪਲ ਚੋਣਾਂ ਵਿਚ ਵੋਟ ਪਾਉਣ ਲਈ ਨਿਕਲਣ ਲਈ ਅਪੀਲ ਕੀਤੀ ਗਈ ਹੈ। ਪਿਛਲੇ ਕਈ ਦਿਨਾਂ ਤੋਂ ਸੰਸਥਾ ਦੇ ਮੈਂਬਰ ਆਪਣੇ ਰੇਡੀਓ ਪ੍ਰੋਗਰਾਮ ਵਲੋਂ ਇਕ ਰਿਕਾਰਡਡ ਸੰਦੇਸ਼ ਵੀ ਚਲਾ ਰਹੇ ਸਨ। ਜਿਸ ਵਿਚ ਵੱਧ ਤੋ ਵੱਧ ਵੋਟ ਪਾਉਣ ਦਾ ਹੱਕ ਵਰਤਣ ਲਈ ਅਪੀਲ ਕੀਤੀ ਗਈ ਸੀ। ਸ੍ਰੀ ਗਿੱਲ ਨੇ ਕਿਹਾ ਕਿ 1946 ਵਿਚ ਵੱਡੇ ਸੰਘਰਸ਼ ਤੋ ਬਾਅਦ ਸਾਨੂੰ ਕੈਨੇਡਾ ਵਿਚ ਵੋਟ ਪਾਉਣ ਦਾ ਹੱਕ ਹਾਸਿਲ ਹੋਇਆ ਸੀ ਤੇ ਇਸ ਲਈ ਅਸੀਂ ਵੱਡੀਆ ਕੁਰਬਾਨੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਆਓ ਅੱਜ ਆਪਣੇ ਇਸ ਜੱਦੀ ਹੱਕ ਦੀ ਵਰਤੋ ਕਰੀਏ ਤੇ ਸਹੀ ਉਮੀਦਵਾਰਾਂ ਨੂੰ ਚੁਣੀਏ। ਆਮ ਤੌਰ ’ਤੇ ਇਨ੍ਹਾਂ ਚੋਣਾਂ ’ਚ 100 ਫੀਸਦੀ ਲੋਕਾਂ ਦੀ ਨੁਮਾਇੰਦਗੀ ਦਾ ਫੈਸਲਾ 30 ਫੀਸਦੀ ਦੇ ਕਰੀਬ ਲੋਕ ਹੀ ਕਰਦੇ ਹਨ ਤੇ ਬਾਕੀ ਦੇ 70 ਫੀਸਦੀ ਸਿਵਾਏ ਸ਼ਿਕਾਇਤਾਂ ਕਰਨ ਤੋ ਹੋਰ ਕੁੱਝ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਪੰਜਾਬੀ ਭਾਈਚਾਰਾ ਇਸ ਵਾਰ ਵੱਧ ਤੋਂ ਵੱਧ ਵੋਟ ਪਾਉਣ ਲਈ ਨਿੱਕਲੇ ਤੇ ਇਸ ਐਵਰੇਜ ਨੂੰ ਵਧਾਵੇ।

# ਰੋਹਿਤ ਤੇ ਕੋਹਲੀ ਦੇ ਸੈਂਕੜਿਆਂ ਦੀ ਬਦੌਲਤ ਭਾਰਤ ਨੇ ਲੜੀ ਦਾ ਪਹਿਲਾ ਮੈਚ ਜਿੱਤਿਆ



ਗੁਹਾਟੀ, 21 ਅਕਤੂਬਰ (ਪੋਸਰ ਬਿਊਰੋ): ਰੋਹਿਤ ਸ਼ਰਮਾ ਅਤੇ ਕਪਤਾਨ ਵਿਰਾਟ ਕੋਹਲੀ ਦੇ ਸ਼ਾਨਦਾਰ ਸੈਂਕੜਿਆਂ ਦੀ ਮਦਦ ਨਾਲ ਭਾਰਤ ਨੇ ਮੁਸ਼ਕਲ ਟੀਚੇ ਦਾ ਪਿੱਛਾ ਕਰਦਿਆਂ ਪਹਿਲੇ ਇੱਕ ਰੋਜ਼ਾ ਕ੍ਰਿਕਟ ਮੈਚ ਵਿੱਚ ਵੈਸਟ ਇੰਡੀਜ਼ ਨੂੰ ਅੱਠ ਵਿਕਟਾਂ ਨਾਲ ਹਰਾ ਕੇ ਲੜੀ ਵਿੱਚ 1-0 ਦੀ ਲੀਡ ਬਣਾ ਲਈ ਹੈ। ਰੋਹਿਤ ਨੇ ਨਾਬਾਦ 152 ਅਤੇ ਕੋਹਲੀ ਨੇ 140 ਦੌੜਾਂ ਬਣਾਈਆਂ।

ਵੈਸਟ ਇੰਡੀਜ਼ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਸ਼ਿਮਰੋਨ ਹੈਟਮਾਇਰ ਦੀ 106 ਦੌੜਾਂ ਦੀ ਪਾਰੀ ਦੀ ਮਦਦ ਨਾਲ ਅੱਠ ਵਿਕਟਾਂ ’ਤੇ 322 ਦੌੜਾਂ ਬਣਾਈਆਂ ਸਨ। ...ਬਾਕੀ ਪੰਨਾ 12 ’ਤੇ

# ਅੱਜ ਤੋਂ ਹੜਤਾਲ ਸ਼ੁਰੂ ਕਰ ਸਕਦੇ ਹਨ ਕੈਨੇਡਾ ਪੋਸਟ ਦੇ ਮੁਲਾਜ਼ਮ

ਓਟਵਾ, 21 ਅਕਤੂਬਰ (ਪੋਸਟ ਬਿਊਰੋ) : ਐਤਵਾਰ ਰਾਤ ਤੱਕ ਜੇ ਕੋਈ ਸਮਝੌਤਾ ਸਿਰੇ ਨਾ ਚੜ੍ਹ ਸਕਿਆ ਤਾਂ ਕੈਨੇਡਾ ਪੋਸਟ ਦੀ ਯੂਨੀਅਨ ਦੇ ਮੈਂਬਰ ਹੜਤਾਲ ਸ਼ੁਰੂ ਕਰ ਸਕਦੇ ਹਨ।




ਜਿਕਰਯੋਗ ਹੈ ਕਿ ਕੈਨੇਡੀਅਨ ਯੂਨੀਅਨ ਆਫ ਪੋਸਟਲ ਵਰਕਰਜ (ਸੀਯੂਪੀਡਬਲਿਊ) ਵੱਲੋਂ ਆਪਣੇ ਸਮਝੌਤੇ ਨੂੰ ਮੁੜ ਨੰਵਿਆਉਣ ਲਈ 10 ਮਹੀਨੇ ਪਹਿਲਾਂ ਗੱਲਬਾਤ ਸ਼ੁਰੂ ਕੀਤੀ ਗਈ ਸੀ ਪਰ ਇਹ ਗੱਲਬਾਤ ਕਿਸੇ ਤਣ ਪੱਤਣ ਨਹੀਂ ਲੱਗੀ ਲੱਗਦੀ। ਯੂਨੀਅਨ ਦਾ ਕਹਿਣਾ ਹੈ ਕਿ ਜੇ ਸੋਮਵਾਰ ਨੂੰ 12:01 ਵਜੇ ਤੋਂ ਪਹਿਲਾਂ ਕੋਈ ਡੀਲ ਸਾਈਨ ਨਾ ਕੀਤੀ ਗਈ ਤਾਂ ਉਹ ਵਿਕਟੋਰੀਆ, ਐਡਮੰਟਨ, ਵਿੰਡਸਰ, ਓਨਟਾਰੀਓ ਵਿੱਚ ਸਿਲਸਿਲੇਵਾਰ ਹੜਤਾਲ ਸ਼ੁਰੂ ਕਰ ਦੇਣਗੇ। 1:01 ਵਜੇ ਤੋਂ ਹੈਲੀਫੈਕਸ ਵਿੱਚ ਵੀ ਹੜਤਾਲ ਸ਼ੁਰੂ ਕਰ ਦਿੱਤੀ ਜਾਵੇਗੀ। ਯੂਨੀਅਨ ਨੇ ਇਹ ਵੀ ਆਖਿਆ ਹੈ ਕਿ ਇਹ ਰੋਟੇਟਿੰਗ ਹੜਤਾਲ 24 ਘੰਟੇ ਜਾਰੀ ਰਹੇਗੀ। ਯੂਨੀਅਨ ਭੱਤਿਆਂ ਵਿੱਚ ਵਾਧਾ, ਵਧੇ ਹੋਏ ਕੰਮ ਦੇ ਬੋਝ ਨੂੰ ਘਟਾਉਣ ਦੀ ਮੰਗ ਕਰ ਰਹੀ ਹੈ। ਸੀਯੂਪੀਡਬਲਿਊ ਦੇ ਮਾਂਟਰੀਅਲ ਚੈਪਟਰ ਦੇ ਪ੍ਰਧਾਨ ਲਾਈਸ ਲਾਈਨ ਗੈਲਿਨਿਊ ਨੇ ਦੱਸਿਆ ਕਿ ਯੂਨੀਅਨ ਹੜਤਾਲ ਉੱਤੇ ਨਹੀਂ ਜਾਣਾ ਚਾਹੁੰਦੀ ਪਰ ਹੁਣ ਗੇਂਦ ਇੰਪਲਾਇਰ ਦੇ ਪਾਲੇ ਵਿੱਚ ਹੈ।


PROTECT YOUR HOME FROM PESTS
Low Rates/Excellent Pest Control Services
100% Success rate for bed bug Treatment
Free Home Inspection; Call Today
Ranjit Sidhu, Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME · AUTO · BUSINESS · TRUCKING · R.E.S.P · COMMERCIAL
CONNEX Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Axxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA, Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU, Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾਂ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal, Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | Avon Financial Inc. Brokerage Lic 12538
Harpreet Singh Goraya, Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL
416 938 4598

KELLEY LAW OFFICE
AREA OF PRACTICE
Immigration · Real Estate · Family Law · Business Closing · Corporate · Wills & Estate · Power of Attorney/Affidavit / Attestations
SHINDER KELLEY, Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3

Best Insurance Rates
Auto · Home · Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮਕੌੜਿਆਂ ਤੋਂ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill 647.990.3205

MANN LAW FIRM
Real Estate Law · Business Law
Wills & Estates · Family Law
Power of Attorney · Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Toronto Pest Arrest
Pest Control Residential /Commercial/Industrial
Specialist in Bed Bed Bugs & Cockroaches Services
Ants, Rats, Mice, Centipedes
Bed Bugs, Spider, Beetle
& Cockroaches Control
SAME DAY SERVICE &
100% SATISFACTION GUARANTEED
Discount For Seniors Single Mothers & Students
CALL FOR FREE ESTIMATES :
647-515-8000 ਅਸੀਂ ਪੰਜਾਬੀ ਬੋਲਦੇ ਹਾਂ

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan, Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
100% removal of all pests written Guarantee
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# SherGill Law Firm

*Barrister, Solicitor & Notary Public*

## Services:

- *Real Estate*
- *Residential, Commercial, Franchise*
- *Criminal Law*
- *Family Law*
- *Affidavit, Power Of Attorney & Notarization*
- *Immigration Matters*

**Paramjit Singh Gill** (MBA,LL.B.)

**Phone : 905-790-3636**



**Emergency Contact:** 416.910.5676
www.shergilllawfirm.ca

2565 Steeles Ave E Unit #20,
Brampton, ON L6T 4L6



jobs! jobs! jobs! jobs! jobs!

DUNDAS·JAFINE

# HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

**ਅਪਲਾਈ ਕਰਨ ਲਈ ਆਪ ਪਹੁੰਚੋ:**

**110 Glidden Rd., Brampton 905-458-4733 (see Kamal)**






## Life is complicated. Insurance doesn't have to be.

Switch to State Farm®
and receive even further savings when you combine home and auto.



We'll find the best policies to fit your life and advise you of opportunities for potential savings.

*Better things are just around the corner.*
CONTACT ME TODAY.

**Amandeep Bajwa Ins Agcy Inc**
Amandeep Bajwa, Agent
2260 Bovaird Drive E
Brampton, ON L6R 3J5
Bus: 905-460-5000

StateFarm® IS BECOMING Desjardins Insurance

***Desjardins Insurance refers to Certas Home and Auto Insurance Company, underwriter of automobile and property insurance or Desjardins Financial Security Life Assurance Company, underwriter of life insurance products.***
Desjardins Insurance and related trademarks are trademarks of the Fédération des caisses Desjardins du Québec, used under licence.
***State Farm branded policies are underwritten by Certas Home and Auto Insurance Company.***
® State Farm and related trademarks and logos are registered trademarks owned by State Farm Mutual Automobile Insurance Company, used under licence by Certas Home and Auto Insurance Company and certain of its affiliates.
1810928CN



chatr MOBILE

NOW GET
~~4GB~~ **5GB DATA**
ON OUR $45/MO. PLAN
AUTO-PAY BONUS

LET'S GET GOING
CHATRMOBILE.COM

VISIT OUR LOCATION TODAY!

**379 MAIN ST. N., BRAMPTON, (905) 451-0379** | **2456 LAKE SHORE BLVD W., (416) 259-3654**

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ

ਚੋਣਾਂ ਵੱਡੀਆਂ ਆ ਗਈਆਂ ਵੇਖ ਲਾਗੇ,
ਤਿੱਖੇ ਭਾਸ਼ਣਾਂ ਦੇ ਹੋ ਗਏ ਡੰਗ ਮੀਆਂ।
ਕੀਤੀ ਸੇਵਾ ਦਾ ਕੋਈ ਮੁਕਾਬਲਾ ਨਹੀਂ,
ਦੂਸ਼ਣਬਾਜ਼ੀ ਦੀ ਹੁੰਦੀ ਹੈ ਜੰਗ ਮੀਆਂ।
ਬਣਦਾ ਨਹੀਂ ਤਾਂ ਮੁੱਦਾ ਬਣਾਵਣੇ ਲਈ,
ਤੋੜੀ ਜਾਂਦੀ ਇਤਹਾਸ ਦੀ ਟੰਗ ਮੀਆਂ।
ਕੀਤਾ ਕਿਸੇ ਵੀ ਭਾਰਤੀ ਕੰਮ ਜਿਹੜਾ,
ਉਸ ਨੂੰ ਦੇਂਦੇ ਨੇ ਆਪਣਾ ਰੰਗ ਮੀਆਂ।
ਚੇਤਾ ਗਿਆ ਸਭ ਭੁੱਲ ਕੁਰਬਾਨੀਆਂ ਦਾ,
ਚੋਣ ਜਿੱਤਣ ਦੀ ਲੱਗੀ ਆ ਦੌੜ ਮੀਆਂ।
ਪਹਿਲਾਂ ਦੇਸ਼ ਕੀਤਾ ਗਰਕ ਗੋਰਿਆਂ ਨੇ,
ਇਨ੍ਹਾਂ ਹੋਰ ਕਰ 'ਤਾ ਝੁੱਗਾ ਚੌੜ ਮੀਆਂ।

**ਤੀਸ ਮਾਰ ਖਾਂ**

# ਸੀ ਬੀ ਆਈ ਸਪੈਸ਼ਲ ਡਾਇਰੈਕਟਰ 'ਤੇ 2 ਕਰੋੜ ਰਿਸ਼ਵਤ ਲੈਣ ਦਾ ਕੇਸ ਦਰਜ



ਅੰਮ੍ਰਿਤਸਰ, 21 ਅਕਤੂਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੀ ਕੇਂਦਰੀ ਜਾਂਚ ਏਜੰਸੀ (ਸੀ ਬੀ ਆਈ) ਨੇ ਆਪਣੇ ਹੀ ਸਪੈਸ਼ਲ ਡਾਇਰੈਕਟਰ ਰਾਕੇਸ਼ ਅਸਥਾਨਾ ਉੱਤੇ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਫਸੇ ਹੋਏ ਮੀਟ ਦੇ ਵਪਾਰੀ ਤੋਂ ਦੋ ਕਰੋੜ ਰੁਪਏ ਰਿਸ਼ਵਤ ਲੈਣ ਦਾ ਮਾਮਲਾ ਦਰਜ ਕੀਤਾ ਹੈ। ਇਸ ਦੇ ਜਵਾਬ ਵਿੱਚ ਰਾਕੇਸ਼ ਅਸਥਾਨਾ ਨੇ ਸਰਕਾਰ ਨੂੰ ਇਕ ਪੱਤਰ ਲਿਖ ਕੇ ਗਲਤ ਸ਼ਿਕਾਇਤ ਦਰਜ ਕਰਨ ਦਾ ਦੋਸ਼ ਲਾਇਆ ਹੈ। ਸੀ ਬੀ ਆਈ ਨੇ ਇਸ ਕੇਸ ਵਿੱਚ ਰਾਕੇਸ਼ ਅਸਥਾਨਾ ਨੂੰ ਨਾਮਜ਼ਦ ਕਰਦੇ ਹੋਏ ਦੋ ਕਰੋੜ ਰੁਪਏ ਦੀ ਰਿਸ਼ਵਤ ਦੇ ਦਲਾਲ ਮਨੋਜ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਦਾ ਅਹਿਮ ਪੱਖ ਇਹ ਹੈ ਕਿ ਇਸ 'ਚ ਰਾਅ ਦੇ ਅਧਿਕਾਰੀ ਤੇ ਪੰਜਾਬ ਆਈ ਪੀ ਐੱਸ ਕੇਡਰ ਦੇ ਅਫਸਰ ਸਾਮੰਤ ਗੋਇਲ ਦਾ ਨਾਮ ਵੀ ਆਉਂਦਾ ਹੈ। ਇਸ ਕੇਸ ਵਿੱਚ ਗ੍ਰਿਫਤਾਰ ਕੀਤੇ ਗਏ ਦੋਸ਼ੀ ਮਨੋਜ ਕੁਮਾਰ ਨੇ ਆਪਣੇ ਬਿਆਨ ਵਿੱਚ ਕਈ ਰਾਜ ਖੋਲ੍ਹੇ ਅਤੇ ਦੋਸ਼ ਲਾਇਆ ਦੱਸਿਆ ਜਾਂਦਾ ਹੈ ਕਿ ਸਪੈਸ਼ਲ ਡਾਇਰੈਕਟਰ ਅਸਥਾਨਾ ਅਤੇ ਮੀਟ ਵਪਾਰੀ ਅਤੇ ਹਵਾਲਾ ਦੇ ਕਾਰੋਬਾਰੀ ਮੁਇਨ ਕੁਰੈਸ਼ੀ ਦੇ ਸੰਬੰਧ ਹਨ। ਜਾਂਚ ਏਜੰਸੀ ਦੇ ਵਿਸ਼ੇਸ਼ ਡਾਇਰੈਕਟਰ ਅਸਥਾਨਾ ਉਤੇ ਦੋਸ਼ ਹੈ ਕਿ ਉਸ ਨੇ ਆਪਣੀ ਜਾਂਚ ਹੇਠ ਚੱਲਦੇ ਕੇਸ ਨਾਲ ਸਬੰਧਤ ਮੀਟ ਐਕਸਪੋਰਟਰ ਮੋਈਨ ਕੁਰੈਸ਼ੀ ਤੋਂ ਰਿਸ਼ਵਤ ਲਈ ਹੈ। ਦਿਲਚਸਪ ਗੱਲ ਹੈ ਕਿ ਦੋ ਮਹੀਨੇ ਪਹਿਲਾਂ ਭਾਰਤ ਸਰਕਾਰ ਦੇ ਕੈਬਨਿਟ ਸਕੱਤਰ ਨੂੰ ਦਿੱਤੀ ਸ਼ਿਕਾਇਤ ਵਿੱਚ ਰਾਕੇਸ਼ ਅਸਥਾਨਾ ਨੇ ਵੀ ਜਾਂਚ ਏਜੰਸੀ ਸੀ ਬੀ ਆਈ ਦੇ ਮੁਖੀ ਆਲੋਕ ਵਰਮਾ ਉੱਤੇ ਇਹੀ ਦੋਸ਼ ਲਾਏ ਸਨ। ਸੀ ਬੀ ਆਈ ਨੇ ਆਪਣੇ ਵਿਸ਼ੇਸ਼ ਡਾਇਰੈਕਟਰ ਅਸਥਾਨਾ ਦੇ ਖ਼ਿਲਾਫ਼ ਕੇਸ 15 ਅਕਤੂਬਰ ਨੂੰ ਸਤੀਸ਼ ਸਾਨਾ ਦੀ ਸ਼ਿਕਾਇਤ ਉੱਤੇ ਦਰਜ ਕੀਤਾ ਸੀ। ਸਾਨਾ, ਮੀਟ ਐਕਸਪੋਰਟਰ ਮੋਈਨ ਕੁਰੈਸ਼ੀ ਦੀ ਹਿੱਸੇਦਾਰੀ ਵਾਲੇ ਸਾਲ 2017 ਦੇ ਭ੍ਰਿਸ਼ਟਾਚਾਰ ਦੇ ਕੇਸ ਦੀ ਜਾਂਚ ਵਿੱਚ ਫਸਿਆ ਹੈ। ਸੀ ਬੀ ਆਈ ਨੇ ਇਸ ਕੇਸ ਵਿੱਚ ਵਿਚੋਲੇ ਮੰਨੇ ਜਾਂਦੇ ਮਨੋਜ ਪ੍ਰਸਾਦ ਨੂੰ 16 ਅਕਤੂਬਰ ਨੂੰ ਦੁਬਈ ਤੋਂ ਮੁੜਦੇ ਵਕਤ ਗ੍ਰਿਫ਼ਤਾਰ ਕਰ ਲਿਆ ਸੀ, ਪਰ ਏਜੰਸੀ ਨੇ ਉਸ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਹਾਲੇ ਤੱਕ ਚੁੱਪੀ ਬਣਾਈ ਰੱਖੀ ਸੀ।

ਜਾਣਕਾਰ ਸੂਤਰਾਂ ਅਨੁਸਾਰ ਸਾਨਾ ਨੇ ਬਿਆਨ ਦਿੱਤਾ ਹੈ ਕਿ ਪ੍ਰਸਾਦ ਅਤੇ ਉਸ ਦੇ ਭਰਾ ਸੋਮੇਸ਼ ਨੇ ਉਸ ਨੂੰ ਕਲੀਨ ਚਿੱਟ ਦਿਵਾਉਣ ਲਈ ਪੈਸੇ ਲਏ ਸਨ। ਸਰਕਾਰੀ ਸੂਤਰਾਂ ਮੁਤਾਬਕ ਅਸਥਾਨਾ ਨੇ 24 ਅਗਸਤ ਨੂੰ ਕੈਬਨਿਟ ਸਕੱਤਰ ਨੂੰ ਲਿਖੇ ਪੱਤਰ ਵਿੱਚ ਸੀ ਬੀ ਆਈ ਦੇ ਮੁਖੀ ਆਲੋਕ ਵਰਮਾ ਦੀ ਹਿੱਸੇਦਾਰੀ ਵਾਲੇ ਭ੍ਰਿਸ਼ਟਾਚਾਰ ਨਾਲ ਸਬੰਧਤ ਦਸ ਕੇਸਾਂ ਦੀ ਸੂਚੀ ਦਿੱਤੀ ਸੀ। ਤਾਜ਼ਾ ਕੇਸ ਦਰਜ ਹੋਣ ਪਿੱਛੋਂ ਰਾਕੇਸ਼ ਅਸਥਾਨਾ ਨੇ ਪਲਟ ਵਾਰ ਕਰਦੇ ਹੋਏ ਦੋਸ਼ ਲਾਇਆ ਕਿ ਸੀ ਬੀ ਆਈ ਦੇ ਚੀਫ ਨੇ ਮੋਇਨ ਕੁਰੈਸ਼ੀ ਕੇਸ ਵਿੱਚ ਸਤੀਸ਼ ਸਨਾ ਦੇ ਖਿਲਾਫ ਚੱਲਦੀ ਜਾਂਚ ਨੂੰ ਫੇਲ੍ਹ ਕਰਨ ਦੇ ਬਦਲੇ 2 ਕਰੋੜ ਰੁਪਏ ਰਿਸ਼ਵਤ ਲਈ ਹੈ, ਪਰ ਜਦੋਂ ਅਸਥਾਨਾ ਨੇ ਸਤੀਸ਼ ਸਨਾ ਨੂੰ ਦੇਸ਼ ਨੂੰ ਛੱਡਣ ਦੀ ਖੁੱਲ੍ਹ ਦੇਣ ਤੋਂ ਮਨ੍ਹਾ ਕਰ ਦਿੱਤਾ ਤਾਂ ਫਿਰ ਉਸ ਨੂੰ ਜਾਂਚ ਦੇ ਦਾਇਰੇ 'ਚ ਲੈ ਲਿਆ ਗਿਆ ਅਤੇ ਉਨ੍ਹਾਂ ਦੇ ਖਿਲਾਫ ਸਾਜਿਸ਼ ਰਚੀ ਗਈ।

# ਪਲੇਸ਼ੀ ਦੀਆਂ ਟਿੱਪਣੀਆਂ ਦਾ ਬੈਂਸ ਨੇ ਲਿਆ ਸਖਤ ਨੋਟਿਸ



ਬਰੈਂਪਟਨ, 21 ਅਕਤੂਬਰ (ਪੋਸਟ ਬਿਊਰੋ) : ਬਰੈਂਪਟਨ ਦੇ ਵਾਰਡ ਨੰ. 2 ਤੇ 6 ਦੇ ਰੀਜਨਲ ਕਾਉਂਸਲਰ ਉਮੀਦਵਾਰ ਗੁਰਪ੍ਰੀਤ ਬੈਂਸ ਵੱਲੋਂ ਬਿਆਨ ਜਾਰੀ ਕਰਕੇ ਭਾਰਤੀ ਕਮਿਊਨਿਟੀ ਖਿਲਾਫ ਕਥਿਤ ਤੌਰ ਉੱਤੇ ਕੀਤੀਆਂ ਜਾ ਰਹੀਆਂ ਟਿੱਪਣੀਆਂ ਦੀ ਨਿਖੇਧੀ ਕੀਤੀ ਗਈ ਹੈ।

ਬੈਂਸ ਨੇ ਆਖਿਆ ਕਿ ਇਹ ਗੱਲ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਗਈ ਹੈ ਕਿ ਮਾਈਕਲ ਪਲੇਸ਼ੀ ਵੱਲੋਂ ਸੋਸ਼ਲ ਮੀਡੀਆ ਉੱਤੇ ਇਸ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ। ਟਿੱਪਣੀਆਂ ਵਿੱਚ ਆਖਿਆ ਗਿਆ ਹੈ ਕਿ ਬਰੈਂਪਟਨ ਵਿਚਲੇ ਭਾਰਤੀ ਕੋਈ ਬਹੁਤੇ ਵਧੀਆ ਨਹੀਂ ਹਨ ਤੇ ਜੇ ਪੈਟ੍ਰਿਕ ਹਾਰਦਾ ਹੈ ਤਾਂ ਇਸ ਲਈ ਸਾਡੇ ਆਪਣੇ ਲੋਕਾਂ ਨੂੰ ਦੋਸ ਦੇਣਾ ਹੋਵੇਗਾ ਕਿਉਂਕਿ ਉਹੀ ਹੋਰਨਾਂ ਨੂੰ ਸੀਟਾਂ ਮੱਲਣ ਦੀ ਇਜਾਜਤ ਦੇਈ ਜਾਂਦੇ ਹਨ।

ਬੈਂਸ ਨੇ ਆਖਿਆ ਕਿ ਇਸ ਲਈ ਪਲੇਸੀ ਨੂੰ ਬਰੈਂਪਟਨ ਵਾਸੀਆਂ ਨੂੰ ਜਵਾਬ ਦੇਣਾ ਚਾਹੀਦਾ ਹੈ ਤੇ ਮੁਆਫੀ ਮੰਗਣੀ ਚਾਹੀਦੀ ਹੈ। ਬੈਂਸ ਨੇ ਆਖਿਆ ਕਿ ਉਹ ਇਸ ਤਰ੍ਹਾਂ ਕਿਸੇ ਵੀ ਨਸਲ, ਜਾਤੀ ਤੇ ਧਰਮ ਦੇ ਲੋਕਾਂ ਖਿਲਾਫ ਕੀਤੀਆਂ ਜਾਣ ਵਾਲੀਆਂ ਟਿੱਪਣੀਆਂ ਦੀ ਨਿਖੇਧੀ ਕਰਦੇ ਹਨ ਤੇ ਪਲੇਸੀ ਤੋਂ ਮੁਆਫੀ ਦੀ ਮੰਗ ਕਰਦੇ ਹਨ।

# ਤਿਉਹਾਰੀ ਸੇਲ ਵਿੱਚ ਈ-ਕਾਮਰਸ ਕੰਪਨੀਆਂ ਦਾ ਕਾਰੋਬਾਰ 67 ਫੀਸਦੀ ਵਧਿਆ




ਨਵੀਂ ਦਿੱਲੀ, 21ਅਕਤੂਬਰ (ਪੋਸਟ ਬਿਊਰੋ)- ਭਾਰਤ ਦੀਆਂ ਮੁੱਖ ਈ-ਕਾਮਰਸ ਕੰਪਨੀਆਂ ਦਾ ਤਿਉਹਾਰ ਸੇਲ ਵਿੱਚ ਕਾਰੋਬਾਰ ਦੋ ਸਾਲ ਵਿੱਚ 138 ਫੀਸਦੀ ਵਧ ਗਿਆ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਇਸ ਵਿੱਚ 67 ਫੀਸਦੀ ਵਾਧਾ ਹੋਇਆ ਹੈ। ਸਾਲ 2016 ਵਿੱਚ ਇਨ੍ਹਾਂ ਕੰਪਨੀਆਂ ਨੇ ਇਸ ਦੌਰਾਨ 6300 ਕਰੋੜ ਰੁਪਏ ਦਾ ਸਾਮਾਨ ਵੇਚਿਆ ਸੀ। ਇਸ ਸਾਲ ਇਹ ਅੰਕੜਾ ਵਧ ਕੇ 15000 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ।

ਮਿਲੇ ਅੰਕੜਿਆਂ ਮੁਤਾਬਕ ਇਨ੍ਹਾਂ ਕੰਪਨੀਆਂ ਨੇ 2017 ਵਿੱਚ 9000 ਕਰੋੜ ਰੁਪਏ ਦੀ ਵਿਕਰੀ ਕੀਤੀ ਸੀ। ਇਹ ਜਾਣਕਾਰੀ ਰੇਡਸੀਰ ਕੰਸਲਟਿੰਗ ਦੇ ਅੰਕੜਿਆਂ ਤੋਂ ਸਾਹਮਣੇ ਆਈ ਹੈ। ਅਮੇਜ਼ਨ ਇੰਡੀਆ ਅਤੇ ਫਲਿਪਕਾਰਟ ਵਰਗੀਆਂ ਦਿੱਗਜ ਈ-ਕਾਮਰਸ ਕੰਪਨੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਸ ਸੇਲ ਦੌਰਾਨ ਸਮਾਰਟਫੋਨ, ਵੱਡੇ ਇੰਪਲਾਈਜ਼ਿਜ਼ ਅਤੇ ਫੈਸ਼ਨ ਸੈਗਮੈਂਟ ਵਿੱਚ ਜ਼ੋਰਦਾਰ ਵਾਧਾ ਦਰਜ ਕੀਤਾ ਹੈ। ਅਮੇਜ਼ਨ ਇੰਡੀਆ ਨੇ ਕਿਹਾ ਕਿ ਗ੍ਰੇਟ ਇੰਡੀਅਨ ਫੈਸਟੀਵਲ ਸੇਲ ਦੇ ਪਹਿਲ 36 ਘੰਟਿਆਂ ਵਿੱਚ ਪਿਛਲੇ ਸਾਲ ਦੀ ਵਿਕਰੀ ਦਾ ਅੰਕੜਾ ਪਾਰ ਹੋ ਗਿਆ ਸੀ। ਲਗਭਗ ਸਾਰੇ ਸੈਗਮੈਂਟ ਵਿੱਚ ਉਸ ਦੀ ਵਿਕਰੀ ਉਮੀਦ ਤੋਂ ਵੱਧ ਰਹੀ। ਅੱਸੀ ਫੀਸਦੀ ਤੋਂ ਵੱਧ ਨਵੇਂ ਗ੍ਰਾਹਕ ਛੋਟੇ ਸ਼ਹਿਰਾਂ ਤੋਂ ਆਏ। ਅਮੇਜ਼ਨ ਦੀ ਮੁੱਖ ਮੁਕਾਬਲੇਬਾਜ਼ ਫਲਿਪਕਾਰਟ ਦਾ ਦਾਅਵਾ ਹੈ ਕਿ ਉਸ ਦੀ ਬਿਗ ਬਿਲੀਅਨ ਡੇਅ ਸੇਲ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਇਸ ਨੇ ਭਾਰਤੀ ਰਿਟੇਲ ਇੰਡਸਟਰੀ ਦੇ ਲਈ ਨਾਂਅ ਬੈਂਚਮਾਰਕ ਬਣਾ ਦਿੱਤਾ।

# ਅੰਮ੍ਰਿਤਸਰ ਹਾਦਸੇ ਪਿੱਛੋਂ ਤਣਾਅ ਦੌਰਾਨ ਰੇਲ ਸੇਵਾਵਾਂ ਸ਼ੁਰੂ

## * ਲੋਕਾਂ ਵੱਲੋਂ ਪੱਥਰਬਾਜ਼ੀ, ਪੁਲੀਸ ਵੱਲੋਂ ਲਾਠੀਚਾਰਜ



ਅੰਮ੍ਰਿਤਸਰ, 21 ਅਕਤੂਬਰ, (ਪੋਸਟ ਬਿਊਰੋ)- ਦਸਹਿਰੇ ਦੇ ਦਿਨ ਹੋਏ ਰੇਲ ਹਾਦਸੇ ਪਿੱਛੋਂ ਬੰਦ ਹੋਈ ਰੇਲ ਆਵਾਜਾਈ ਅੱਜ ਚਾਲੀ ਘੰਟੇ ਬਾਅਦ ਬਹਾਲ ਕਰ ਦਿੱਤੀ ਗਈ ਹੈ। ਇਸ ਨੂੰ ਚਲਾਉਣ ਦੇ ਯਤਨਾਂ ਵੇਲੇ ਅੱਜ ਇਥੇ ਜੌੜਾ ਫਾਟਕ ਨੇੜੇ ਰੇਲ ਪਟੜੀਆਂ ਤੋਂ ਲੋਕਾਂ ਨੂੰ ਹਟਾਉਣ ਲਈ ਝੜਪਾਂ ਹੋਈਆਂ ਤੇ ਇਸ ਦੌਰਾਨ ਲੋਕਾਂ ਤੇ ਪੁਲੀਸ ਵਿਚਾਲੇ ਪੱਥਰਬਾਜ਼ੀ ਹੁੰਦੀ ਰਹੀ। ਪੁਲੀਸ ਨੇ ਪੱਥਰ ਮਾਰਨ ਵਾਲਿਆਂ ਨੂੰ ਕੱਢਣ ਲਈ ਲਾਠੀਚਾਰਜ ਵੀ ਕੀਤਾ। ਇਸ ਮੌਕੇ ਇਕ ਪੁਲੀਸ ਵਾਲਾ ਜ਼ਖਮੀ ਹੋ ਗਿਆ। ਜ਼ਿਲ੍ਹਾ ਪ੍ਰਸ਼ਾਸਨ ਨੇ ਰੇਲ ਪਟੜੀਆਂ ਤੇ ਇਸ ਦੇ ਦੁਆਲੇ ਧਾਰਾ 144 ਲਾ ਦਿੱਤੀ ਹੈ।

ਵਰਨਣ ਯੋਗ ਹੈ ਕਿ ਰੇਲ ਹਾਦਸਾ ਵਾਪਰਨ ਤੋਂ ਬਾਅਦ ਕੱਲ੍ਹ ਸਵੇਰ ਤੋਂ ਹੀ ਕੁਝ ਲੋਕ ਰੋਸ ਵਜੋਂ ਰੇਲ ਪਟੜੀ ਉੱਤੇ ਬੈਠੇ ਹੋਏ ਹਨ। ਇਸੇ ਤਰ੍ਹਾਂ ਕੁਝ ਲੋਕ ਜੌੜਾ ਫਾਟਕ ਨੇੜੇ ਇਕੱਠੇ ਹੋਏ ਸਨ। ਅੱਜ ਪੁਲੀਸ ਨੇ ਇਨ੍ਹਾਂ ਨੂੰ ਰੇਲ ਪਟੜੀਆਂ ਖਾਲੀ ਕਰਨ ਨੂੰ ਕਿਹਾ ਤਾਂ ਲੋਕਾਂ ਨੇ ਦੋਸ਼ੀਆਂ ਖਿਲਾਫ ਕਾਰਵਾਈ ਹੋਣ ਤਕ ਜਾਣ ਤੋਂ ਨਾਂਹ ਕਰ ਦਿੱਤੀ। ਇਥੇ 50 ਤੋਂ ਵੱਧ ਮਰਦ ਤੇ ਔਰਤਾਂ ਸਨ, ਜਿਨ੍ਹਾਂ ਨੇ ਪੁਲੀਸ ਵਲੋਂ ਰੇਲ ਪਟੜੀ ਤੋਂ ਹਟਾਉਣ ਵਿਰੁੱਧ ਪੁਲੀਸ ਵਾਲਿਆਂ ਉੱਤੇ ਪਥਰਾਅ ਸ਼ੁਰੂ ਕਰ ਦਿੱਤਾ। ਪੁਲੀਸ ਨੇ ਬਚਾਅ ਕਰਦਿਆਂ ਵਿਖਾਵਾਕਾਰੀਆਂ 'ਤੇ ਵਾਪਸ ਪੱਥਰ ਸੁੱਟੇ। ਭੀੜ ਨੂੰ ਖਿੰਡਾਉਣ ਲਈ ਪੁਲੀਸ ਨੇ ਹਲਕਾ ਲਾਠੀਚਾਰਜ ਕੀਤਾ ਤੇ ਵਿਖਾਵਾਕਾਰੀਆਂ ਨੂੰ ਨੇੜੇ ਕਲੋਨੀਆਂ ਦੀਆਂ ਗਲੀਆਂ ਵਿਚ ਧੱਕ ਦਿੱਤਾ। ਇਸ ਬਾਰੇ ਪੁਲੀਸ ਨੇ ਕਰੀਬ ਦਸ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ, ਜੋ ਵਿਖਾਵਾਕਾਰੀਆਂ ਨੂੰ ਭੜਕਾ ਰਹੇ ਸਨ। ਪੁਲੀਸ ਨੇ ਰੇਲ ਪਟੜੀਆਂ ਉੱਤੇ ਅਨਾਊਂਸਮੈਂਟ ਵੀ ਕੀਤੀ ਕਿ ਰੇਲ ਪਟੜੀਆਂ ਉੱਤੇ ਬੈਠਣ ਜਾਂ ਧਰਨਾ ਦੇਣ ਵਾਲਿਆਂ ਉਤੇ ਕਾਰਵਾਈ ਹੋਵੇਗੀ। ਇਸ ਦੌਰਾਨ ਇੱਕ ਟਰੇਨੀ ਪੁਲਸ ਮੁਲਾਜ਼ਮ ਸਿਮਰਨਜੀਤ ਸਿੰਘ ਜ਼ਖਮੀ ਹੋ ਗਿਆ। ਉਸ ਦੀ ਅੱਖ ਉੱਤੇ ਪੱਥਰ ਲੱਗਾ ਹੈ।

ਅੱਜ ਪਟਿਆਲਾ ਤੋਂ ਸ਼ਿਵ ਸੈਨਾ ਆਗੂ ਅਤੇ ਉਨ੍ਹਾਂ ਨਾਲ ਸਥਾਨਕ ਆਗੂ ਰੇਲ ਹਾਦਸੇ ਵਾਲੀ ਥਾਂ ਦੌਰਾ ਕਰਨ ਆਏ, ਪਰ ਪੁਲੀਸ ਨੇ ਆਗਿਆ ਨਹੀਂ ਦਿੱਤੀ। ਪੁਲੀਸ ਡਿਪਟੀ ਕਮਿਸ਼ਨਰ ਅਮਰੀਕ ਸਿੰਘ ਪਵਾਰ ਨੇ ਕਿਹਾ ਕਿ ਪ੍ਰਦਰਸ਼ਨ ਕਰ ਰਹੇ ਲੋਕਾਂ ਵਿਚ ਰੇਲ ਹਾਦਸੇ ਦੇ ਮ੍ਰਿਤਕਾਂ ਜਾਂ ਜ਼ਖਮੀਆਂ ਦੇ ਪਰਿਵਾਰ ਨਹੀਂ ਸਨ। ਇਹ ਵਿਖਾਵਾ ਸ਼ਰਾਰਤੀ ਅਨਸਰ ਕਰ ਰਹੇ ਸਨ, ਜਿਨ੍ਹਾਂ ਦਾ ਪੀੜਤਾਂ ਜਾਂ ਪ੍ਰਭਾਵਿਤਾਂ ਨਾਲ ਸਬੰਧ ਨਹੀਂ ਹੈ। ਐੱਸ ਡੀ ਐੱਮ ਰਜੇਸ਼ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੂੰ ਕਰੀਬ 15 ਵਿਅਕਤੀ ਮਿਲਣ ਆਏ ਸਨ, ਜਿਨ੍ਹਾਂ ਨੇ ਕੁਝ ਸਮੱਸਿਆਵਾਂ ਦੱਸੀਆਂ ਤਾਂ ਮੌਕੇ ਉਤੇ ਸੁਣ ਕੇ ਉਨ੍ਹਾਂ ਵਿਚੋਂ ਕੁਝ ਦਾ ਹੱਲ ਕਰ ਦਿੱਤਾ ਹੈ। ਇਨ੍ਹਾਂ ਵਿਚੋਂ ਕੁਝ ਲੋਕ ਮੁਆਵਜ਼ਾ ਤੇ ਨੌਕਰੀ ਚਾਹੁੰਦੇ ਸਨ। ਉਨ੍ਹਾਂ ਨੂੰ ਇਸ ਬਾਰੇ ਅਰਜ਼ੀਆਂ ਦੇਣ ਨੂੰ ਕਿਹਾ ਹੈ। ਉਨ੍ਹਾਂ ਕਿਹਾ ਕਿ ਰੇਲ ਆਵਾਜਾਈ ਚਲਾਉਣਾ ਜ਼ਰੂਰੀ ਹੈ ਕਿਉਂਕਿ ਵੱਡੀ ਗਿਣਤੀ ਲੋਕ ਪ੍ਰਭਾਵਤ ਹੋ ਰਹੇ ਹਨ। ਪ੍ਰਸ਼ਾਸਨ ਨੇ ਰੇਲ ਪਟੜੀਆਂ ਤੋਂ ਲੋਕਾਂ ਨੂੰ ਹਟਾਉਣ ਪਿੱਛੋਂ ਰੇਲ ਵਿਭਾਗ ਨੂੰ ਆਵਾਜਾਈ ਲਈ ਹਰੀ ਝੰਡੀ ਦੇ ਦਿੱਤੀ। ਲੋਕਾਂ ਨੂੰ ਇਥੋਂ ਹਟਾਉਣ ਪਿੱਛੋਂ ਰੇਲ ਪਟੜੀਆਂ ਨੇੜੇ ਵਿਸ਼ੇਸ਼ ਸੁਰੱਖਿਆ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

# ਡੀ ਜੀ ਪੀ ਪੰਜਾਬ ਨੇ ਕਸ਼ਮੀਰੀ ਵਿਦਿਆਰਥੀਆਂ ਵਿੱਚ ਬੇਗ਼ਾਨਗੀ ਦਾ ਅਹਿਸਾਸ ਦੂਰ ਕਰਨ ਨੂੰ ਕਿਹਾ



ਜਲੰਧਰ, 21 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਸੁਰੇਸ਼ ਅਰੋੜਾ ਨੇ ਪੁਲਸ ਦੇ ਸਾਰੇ ਜ਼ਿਲਾ ਮੁਖੀਆਂ ਨੂੰ ਹਦਾਇਤਾਂ ਦਿੱਤੀਆਂ ਹਨ ਕਿ ਉਹ ਪੰਜਾਬ ਵਿੱਚ ਪੜ੍ਹ ਰਹੇ ਕਸ਼ਮੀਰੀ ਵਿਦਿਆਰਥੀਆਂ ਦੇ ਅੰਦਰ ਪੈਦਾ ਹੁੰਦੇ ਜਾ ਰਹੇ ਬੇਗਾਨਗੀ ਦੇ ਅਹਿਸਾਸ ਨੂੰ ਦੂਰ ਕਰਨ।

ਏਥੇ ਪੀ ਏ ਪੀ ਵਿਚ 59ਵੀਂ ਪੁਲੀਸ ਯਾਦਗਾਰੀ ਦਿਵਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਡੀ ਜੀ ਪੀ ਨੇ ਦੱਸਿਆ ਕਿ ਉਨ੍ਹਾਂ ਐੱਸ ਐੱਸ ਪੀਜ਼ ਨੂੰ ਕਿਹਾ ਹੈ ਕਿ ਉਹ ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ ਤੇ ਵਿਦਿਆਰਥੀਆਂ ਨਾਲ ਸੰਪਰਕ ਕਰ ਕੇ ਇਹ ਯਕੀਨ ਕਰਨ ਕਿ ਉਹ ਕਿਸੇ ਵੀ ਔਖ ਸਮੇਂ ਪੁਲੀਸ ਨਾਲ ਸੰਪਰਕ ਕਰਕੇ ਆਪਣੀ ਸਮੱਸਿਆ ਦੱਸ ਸਕਦੇ ਹਨ। ਡੀ ਜੀ ਪੀ ਅਰੋੜਾ ਨੇ ਕਿਹਾ ਕਿ ਇਹ ਸੰਵੇਦਨਸ਼ੀਲ ਮੁੱਦਾ ਹੈ ਕਿ ਇੱਥੇ ਪੜ੍ਹਦੇ ਵਿਦਿਆਰਥੀਆਂ 'ਤੇ ਕੌਮ ਦੇ ਆਧਾਰ ਉਤੇ ਸ਼ੱਕ ਕੀਤਾ ਜਾਵੇ। ਉਹ ਸਾਡੇ ਬੱਚੇ ਹਨ, ਉਨ੍ਹਾਂ ਨੂੰ ਪੜ੍ਹਾਈ ਲਈ ਚੰਗਾ ਮਾਹੌਲ ਦੇਣਾ ਸਾਡੀ ਜ਼ਿੰਮੇਵਾਰੀ ਹੈ। ਅਰੋੜਾ ਨੇ ਕਿਹਾ ਕਿ ਜੇ ਕੋਈ ਨਾਗਰਿਕ ਕਾਨੂੰਨ ਦੀ ਉਲੰਘਣਾ ਕਰੇਗਾ ਤਾਂ ਉਸ ਦੇ ਖ਼ਿਲਾਫ਼ ਕਾਨੂੰਨ ਆਪਣਾ ਕੰਮ ਕਰੇਗਾ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਡੀ ਜੀ ਪੀ (ਇੰਟੈਲੀਜੈਂਸ) ਨੇ ਇੱਕ ਪ੍ਰੋਫਾਰਮਾ ਜਾਰੀ ਕਰਕੇ ਦੂਜੇ ਰਾਜਾਂ ਵਿੱਚੋਂ ਆਏ ਵਿਦਿਆਰਥੀਆਂ ਦਾ ਵੇਰਵਾ ਮੰਗਿਆ ਤੇ ਨਾਲ ਉਨ੍ਹਾਂ ਦਾ ਆਧਾਰ ਨੰਬਰ ਲਿਆ ਜਾ ਰਿਹਾ ਸੀ। ਪੁਲੀਸ ਵੱਲੋਂ ਇੱਕਠੇ ਕੀਤੇ ਜਾ ਰਹੇ ਅੰਕੜਿਆਂ ਬਾਰੇ ਮੀਡੀਆਂ ਰਿਪੋਰਟਾਂ ਨਾਲ ਜੰਮੂ ਕਸ਼ਮੀਰ ਵਾਲੇ ਵਿਦਿਆਰਥੀਆਂ ਦੇ ਮਨ ਵਿੱਚ ਬੇਗ਼ਾਨਗੀ ਤੇ ਡਰ ਪੈਦਾ ਹੋ ਗਿਆ ਤੇ ਜੰਮੂ ਕਸ਼ਮੀਰ ਵਿੱਚ ਉਨ੍ਹਾਂ ਦੇ ਮਾਪੇ ਚਿੰਤਾ ਵਿਚ ਸਨ। ਕਈ ਕਸ਼ਮੀਰੀ ਵਿਦਿਆਰਥੀ ਪੜ੍ਹਾਈ ਛੱਡ ਕੇ ਵਾਪਸ ਘਰਾਂ ਨੂੰ ਚਲੇ ਗਏ। ਅਰੋੜਾ ਨੇ ਦੱਸਿਆ ਕਿ ਜੇ ਦੂਜੇ ਸੂਬੇ ਦੇ ਵਿਦਿਆਰਥੀਆਂ ਨੂੰ ਕੋਈ ਸ਼ਿਕਾਇਤ ਹੈ ਤਾਂ ਇਸ ਦੇ ਹੱਲ ਲਈ ਏ ਡੀ ਜੀ ਪੀ (ਕਮਿਊਨਿਟੀ ਪੁਲੀਸਿੰਗ) ਈਸ਼ਵਰ ਸਿੰਘ ਅਤੇ ਆਈ ਜੀ, ਵੀ. ਨੀਰਜਾ ਨੂੰ ਨੋਡਲ ਅਫ਼ਸਰ ਨਿਯੁਕਤ ਕੀਤਾ ਹੈ, ਕਿਸੇ ਵੀ ਸਮੱਸਿਆ ਲਈ ਵਿਦਿਆਰਥੀ ਇਨ੍ਹਾਂ ਦੋ ਅਧਿਕਾਰੀਆਂ ਨੂੰ ਮਿਲ ਸਕਦੇ ਹਨ।

UK Truck Training Centre
Ministry Approved Private Carrier College
○ Automatic & Manual Trucks
• 1 on 1 Training
○ Forklift Training
Forklift $79 Recertification
Reach Truck
Counterbalance
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
NO SIDE EFFECTS
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

# ਨਵਜੋਤ ਸਿੰਘ ਸਿੱਧੂ ਨੇ ਹਾਦਸੇ ਦੀ ਜ਼ਿੰਮੇਵਾਰੀ ਰੇਲ ਵਿਭਾਗ ਉੱਤੇ ਸੁੱਟੀ

## * ਗਾਂ ਲਈ ਟਰੇਨ ਰੁਕ ਸਕਦੀ ਹੈ ਤਾਂ ਲੋਕਾਂ ਲਈ ਕਿਉਂ ਨਾ ਰੋਕੀ : ਸਿੱਧੂ



ਅੰਮ੍ਰਿਤਸਰ, 21 ਅਕਤੂਬਰ, (ਪੋਸਟ ਬਿਊਰੋ)- ਦਸਹਿਰੇ ਮੌਕੇ ਹੋਏ ਵੱਡੇ ਰੇਲ ਹਾਦਸੇ ਲਈ ਸਾਬਕਾ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਨੂੰ ਦੋਸ਼ੀ ਠਹਿਰਾਏ ਜਾਣ ਬਾਰੇ ਅੱਜ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਇਸ ਦੇ ਲਈ ਰੇਲ ਵਿਭਾਗ ਜ਼ਿੰਮੇਵਾਰ ਹੈ ਅਤੇ ਉਹ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਵਿੱਚ ਗਾਂ ਵਾਸਤੇ ਟਰੇਨ ਰੁਕ ਜਾਂਦੀ ਹੈ ਤਾਂ ਏਨੇ ਲੋਕਾਂ ਵਾਸਤੇ ਕਿਉਂ ਨਾ ਰੋਕੀ ਗਈ।

ਨਵਜੋਤ ਸਿੰਘ ਸਿੱਧੂ ਨੇ ਅੱਜ ਫਿਰ ਹਸਪਤਾਲ ਦਾ ਦੌਰਾ ਕਰ ਕੇ ਜ਼ਖ਼ਮੀਆਂ ਦੀ ਖ਼ਬਰ ਲਈ। ਇਸ ਮੌਕੇ ਉਨ੍ਹਾਂ ਨੇ ਆਪਣੀ ਪਤਨੀ ਡਾ. ਨਵਜੋਤ ਕੌਰ ਸਿੱਧੂ ਦਾ ਬਚਾਅ ਕਰਦੇ ਹੋਏ ਉਨ੍ਹਾਂ ਨੂੰ ਬੇਕਸੂਰ ਦੱਸਿਆ। ਉਨ੍ਹਾ ਕਿਹਾ ਕਿ ਇਸ ਕੇਸ ਨੂੰ ਸਿਆਸੀ ਰੰਗ ਦੇਣ ਦਾ ਯਤਨ ਕੀਤਾ ਗਿਆ ਹੈ। ਸਿੱਧੂ ਨੇ ਕਿਹਾ ਕਿ ਜਦੋਂ ਹਾਦਸਾ ਰੇਲਵੇ ਦੀ ਸੰਪਤੀ ਉੱਤੇ ਹੋਇਆ ਹੈ ਤਾਂ ਰੇਲ ਮੁਲਾਜ਼ਮਾਂ ਦੀ ਗਲਤੀ ਅਣਡਿੱਠ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਜਿੱਥੋਂ ਤਕ ਦਸਹਿਰਾ ਮੇਲੇ ਦੇ ਪ੍ਰਬੰਧਾਂ ਦਾ ਮਾਮਲਾ ਹੈ, ਉਨ੍ਹਾਂ ਨੇ ਇਸ ਮੈਦਾਨ ਦੀ ਵਰਤੋਂ ਦੀ ਪ੍ਰਵਾਨਗੀ ਲਈ ਸੀ। ਰੇਲ ਪਟੜੀਆਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਜੀ ਆਰ ਪੀ ਕੋਲ ਹੈ, ਜਿਸ ਨੂੰ ਅਣਗੌਲੇ ਕੀਤਾ ਗਿਆ ਹੈ। ਇਸੇ ਤਰ੍ਹਾਂ ਰੇਲ ਗੱਡੀ ਚਾਲਕ ਤੇ ਫਾਟਕ ਉਤੇ ਖੜਾ ਗੇਟਮੈਨ ਵੀ ਰੇਲ ਵਿਭਾਗ ਦੇ ਮੁਲਾਜ਼ਮ ਹਨ, ਜਿਨ੍ਹਾਂ ਬਾਰੇ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਡੀ ਐਮ ਯੂ ਗੱਡੀ ਦੀ ਰਫ਼ਤਾਰ 30 ਕਿਲੋਮੀਟਰ ਪ੍ਰਤੀ ਘੰਟਾ ਦੇ ਕਰੀਬ ਹੁੰਦੀ ਹੈ, ਕਿਉਂਕਿ ਇਸ ਨੇ ਹਰ ਸਟੇਸ਼ਨ ਉੱਤੇ ਰੁਕਣਾ ਹੁੰਦਾ ਹੈ, ਪਰ ਇਹ ਉਸ ਦਿਨ 90 ਕਿਲੋਮੀਟਰ ਦੀ ਗਤੀ ਨਾਲ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਦਸਹਿਰਾ ਮਨਾਏ ਜਾਣ ਦੀ ਥਾਂ ਰੇਲ ਫਾਟਕ ਦੇ ਨੇੜੇ ਹੈ ਤੇ ਪਿਛਲੇ ਕਈ ਦਿਨਾਂ ਤੋਂ ਇਥੇ ਵੱਡੇ ਬੋਰਡ ਲੱਗੇ ਹੋਏ ਸਨ ਤਾਂ ਫਾਟਕ ਵਾਲਾ ਇਸ ਸਮਾਗਮ ਤੋਂ ਕਿਵੇਂ ਅਣਜਾਣ ਸੀ। ਸ਼ਾਮ ਨੂੰ ਇਥੇ ਵੱਡੀਆਂ ਲਾਈਟਾਂ ਜਗਦੀਆਂ ਤਿੰਨ ਕਿਲੋਮੀਟਰ ਦੂਰੋਂ ਦਿੱਸਦੀਆਂ ਹਨ। ਉਨ੍ਹਾਂ ਕੁਝ ਵੀਡੀਓ ਕਲਿਪਿੰਗ ਦਿਖਾ ਕੇ ਕਿਹਾ ਕਿ ਨਵਜੋਤ ਕੌਰ ਸਿੱਧੂ ਉਸ ਦਿਨ ਏਦਾਂ ਦੇ ਛੇ ਪ੍ਰੋਗਰਾਮਾਂ ਵਿਚ ਗਈ ਤੇ ਕਿਸੇ ਸਮਾਗਮ ਵਿਚ ਦਸ ਮਿੰਟ ਤੋਂ ਵੱਧ ਨਹੀਂ ਰੁਕੀ। ਉਨ੍ਹਾਂ ਕਿਹਾ ਕਿ ਜਦੋਂ ਲੋਕ ਰੇਲ ਪਟੜੀਆਂ 'ਤੇ ਖੜੇ ਵੇਖੇ ਸਨ ਤਾਂ ਪ੍ਰਬੰਧਕਾਂ ਨੇ ਕਈ ਵਾਰ ਸਪੀਕਰ ਉਤੇ ਉਨ੍ਹਾਂ ਨੂੰ ਸੁਰੱਖਿਅਤ ਥਾਂ ਉੱਤੇ ਆਉਣ ਵਾਸਤੇ ਆਖਿਆ ਸੀ, ਪਰ ਲੋਕ ਮੰਨੇ ਹੀ ਨਹੀਂ ਸਨ।

# ਪੰਥਕ ਅਸੈਂਬਲੀ ਵੱਲੋਂ ਬਰਗਾੜੀ ਮੋਰਚੇ ਦੀ ਹਮਾਇਤ ਅਤੇ ਬਾਦਲਾਂ ਦੇ ਬਾਈਕਾਟ ਦਾ ਸੱਦਾ



ਅੰਮ੍ਰਿਤਸਰ, 21 ਅਕਤੂਬਰ, (ਪੋਸਟ ਬਿਊਰੋ)- ਸਿੱਖ ਮਸਲਿਆਂ ਤੇ ਬਰਗਾੜੀ ਮੋਰਚੇ ਬਾਰੇ ਵਿਚਾਰ ਕਰਨ ਲਈ ਸੱਦੀ ਗਈ ਪੰਥਕ ਅਸੈਂਬਲੀ ਦਾ ਸੈਸ਼ਨ ਅੱਜ ਬਰਗਾੜੀ ਮੋਰਚੇ ਦੀ ਪੂਰੀ ਹਮਾਇਤ ਕਰਨ, ਬਾਦਲ ਪਿਉ-ਪੁੱਤਰ ਦੇ ਸਿਆਸੀ ਬਾਈਕਾਟ ਕਰਨ ਦੇ ਨਾਲ ਅਕਾਲੀ ਕਾਰਕੁਨਾਂ ਨੂੰ ਪੰਥ ਵਿਰੋਧੀ ਪਿਉ-ਪੁੱਤਰ ਦਾ ਸਾਥ ਛੱਡਣ, ਪੰਥ ਨੂੰ ਭਰੋਸੇ ਵਿਚ ਲਏ ਬਿਨਾਂ ਅਤੇ ਵਿਧੀ-ਵਿਧਾਨ ਘੜੇ ਬਿਨਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਪ੍ਰਵਾਨ ਨਾ ਕਰਨ ਦੇ ਮਤਿਆਂ ਨੂੰ ਪ੍ਰਵਾਨਗੀ ਦੇ ਕੇ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ।

ਇਸ ਪੰਥਕ ਅਸੈਂਬਲੀ ਦੇ ਦੂਸਰੇ ਦਿਨ ਦੇ ਸੈਸ਼ਨ ਵਿੱਚ ਪ੍ਰਗਟ ਸਿੰਘ ਭੋਲੀਪੁਰਾ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਸਿੱਖਾਂ ਦਾ ਭਾਰੀ ਨੁਕਸਾਨ ਕੀਤਾ ਹੈ। ਅਹਿ-ਮਦਾਬਾਦ (ਗੁਜਰਾਤ) ਤੋਂ ਮੋਹਨਜੀਤ ਸਿੰਘ ਨੇ ਕਿਹਾ ਕਿ ਗੁਜਰਾਤ ਵਿੱਚ ਗੁਰਦੁਆਰਿਆਂ ਵਿੱਚ ਸਿਆਸੀ ਸ਼ਹਿ ਹੇਠ ਮੂਰਤੀਆਂ ਰੱਖ ਕੇ ਮਰਿਆਦਾ ਨੂੰ ਢਾਹ ਲਾਈ ਜਾ ਰਹੀ ਹੈ। ਸਾਬਕਾ ਆਈ ਏ ਐੱਸ ਪ੍ਰੋ. ਗੁਰਤੇਜ ਸਿੰਘ ਨੇ ਕਿਹਾ ਕਿ ਜਦੋਂ ਬਾਦਲਾਂ ਨੇ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਸੀ, ਉਦੋਂ ਹੀ ਅਕਾਲੀ ਦਲ ਖਤਮ ਹੋਣ ਲੱਗ ਪਿਆ ਸੀ। ਫਰਾਂਸ ਤੋਂ ਆਏ ਪਾਲ ਸਿੰਘ ਨੇ ਕਿਹਾ ਕਿ ਜਦੋਂ ਤੱਕ ਸਿਆਸੀ ਤੌਰ ਉਤੇ ਸਿੱਖ ਤਾਕਤਵਰ ਨਹੀਂ ਬਣਦੇ, ਬੇਅਦਬੀਆਂ ਨਹੀਂ ਰੁਕ ਸਕਣੀਆਂ। ਸੁਖਪ੍ਰੀਤ ਸਿੰਘ ਉਦੋਕੇ ਨੇ ਬੇਅਦਬੀ ਆਦਿ ਕੇਸਾਂ ਬਾਰੇ ਕਿਹਾ ਕਿ ਸਿੱਖਾਂ ਨੂੰ ਆਪਣਾ ਦੁਸ਼ਮਣ ਪਛਾਨਣ ਦੀ ਲੋੜ ਹੈ। ਪੰਥਕ ਅਸੈਂਬਲੀ ਨੇ ਬਰਗਾੜੀ ਮੋਰਚੇ ਦੀ ਪੂਰੀ ਹਮਾਇਤ ਦਾ ਐਲਾਨ ਕੀਤਾ ਤੇ ਇਸ ਬਾਰੇ ਪਾਸ ਕੀਤੇ ਮਤੇ ਵਿਚ ਕਿਹਾ ਕਿ ਅਕਾਲ ਤਖ਼ਤ ਸਾਹਿਬ ਦਾ 'ਕਠਪੁਤਲੀ' ਜਥੇਦਾਰ ਪ੍ਰਵਾਨ ਨਹੀਂ। ਇਜਲਾਸ ਨੇ ਸ਼੍ਰੋਮਣੀ ਕਮੇਟੀ ਨੂੰ ਸਾਫ ਕਿਹਾ ਕਿ ਬਾਦਲ ਪਰਿਵਾਰ ਦੇ ਲਗਾਤਾਰ ਅਸਰ ਕਬੂਲਣ ਵਾਲੇ ਗਿਆਨੀ ਗੁਰ-ਬਚਨ ਸਿੰਘ ਨੂੰ ਪੰਥ ਵਿਰੋਧੀ, ਦੇਹਧਾਰੀ, ਗੁਰੂ-ਡੰਮ ਪੱਖੀ ਆਪਹੁਦਰੀਆਂ ਕਾਰਗੁਜ਼ਾਰੀਆਂ ਲਈ ਸਿੱਖ ਜਗਤ ਨੇ ਪਹਿਲਾਂ ਹੀ ਨਕਾਰਿ-ਰਆ ਤੇ ਰੱਦ ਕੀਤਾ ਹੋਇਆ ਹੈ। ਇਕ ਹੋਰ ਮਤੇ ਨਾਲ ਬਹਿਬਲ ਕਲਾਂ, ਬਰਗਾੜੀ ਤੇ ਕੋਟਕਪੂਰਾ ਘਟਨਾਵਾਂ ਵਿਚ ਡੇਰਾ ਸਿਰਸਾ ਤੇ ਇਸ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਸ਼ਮੂਲੀਅਤ ਦਾ ਵਾਈਟ-ਪੇਪਰ ਛਾਪਣ ਦਾ ਫੈਸਲਾ ਲਿਆ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਤੋਂ ਮੰਗ ਕੀਤੀ ਗਈ ਕਿ ਬਹਿਬਲ ਕਲਾਂ ਵਿੱਚ ਮਾਰੇ ਗਏ ਨੌਜਵਾਨਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬਘਰ ਵਿਚ ਲਾਈਆਂ ਜਾਣ ਤੇ ਸਿਰਸਾ ਵਾਲੇ ਸਾਧ ਨੂੰ ਮੁਆਫ਼ੀ ਦੇਣ ਵਾਲੇ ਜਥੇਦਾਰ ਗਿਆਨੀ ਮੱਲ ਸਿੰਘ ਦੀ ਤਸਵੀਰ ਹਟਾਈ ਜਾਵੇ।

# ਦੋ ਮਹੀਨੇ 'ਚ ਕਰਜ਼ਾ ਨਾ ਮਿਲਿਆ ਤਾਂ ਪਾਕਿਸਤਾਨ ਸੰਕਟ ਵਿੱਚ ਫਸ ਜਾਵੇਗਾ : ਇਮਰਾਨ ਖਾਨ



ਇਸਲਾਮਾਬਾਦ, 21 ਅਕਤੂਬਰ, (ਪੋਸਟ ਬਿਊਰੋ)- ਕਰਜ਼ੇ ਵਿਚ ਡੁੱਬੇ ਹੋਏ ਪਾਕਿਸਤਾਨ ਦੀਆਂ ਮੁਸ਼ਕਲਾਂ ਵਧੀਆਂ ਵੇਖ ਕੇ ਦੇਸ਼ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਹੈ ਕਿ ਜੇ ਸਾਡੀ ਸਰਕਾਰ ਅਗਲੇ 2 ਮਹੀਨੇ ਵਿਚ ਕਰਜ਼ਾ ਨਹੀਂ ਲੈਂਦੀ ਤਾਂ ਦੇਸ਼ ਇੱਕ ਭਿਆਨਕ ਸੰਕਟ ਵਿੱਚ ਫਸ ਜਾਵੇਗਾ।

ਇਮਰਾਨ ਖਾਨ ਨੇ ਕਿਹਾ ਕਿ ਪਿਛਲੀ ਸਰਕਾਰ ਨੇ ਵਿਦੇਸ਼ੀ ਕਰਜ਼ਾ 36 ਖਰਬ ਰੁਪਏ ਤਕ ਪੁਚਾ ਦਿਤਾ ਸੀ। ਕੌਮੀ ਕਰਜ਼ੇ ਦੇ ਮੁੱਦੇ ਉੱਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਅੰਤਰਰਾਸ਼ਟਰੀ ਕਰੰਸੀ ਫੰਡ ਕੋਲ ਜਾਣ ਬਾਰੇ ਅਸਲ ਮੁੱਦਾ ਕਰਜ਼ੇ ਬਾਰੇ ਨਿਯਮਾਂ ਦਾ ਹੈ। ਅਸੀਂ ਕੁਝ ਹੋਰ ਸਾਧਨਾਂ ਤੋਂ ਹਾਲਾਤ ਨੂੰ ਕਾਬੂ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਾਂ। ਸਾਨੂੰ ਸਊਦੀ ਅਰਬ ਅਤੇ ਚੀਨ ਤੋਂ ਚੰਗੇ ਸੁਨੇਹੇ ਮਿਲੇ ਹਨ। ਵਿਤੀ ਮਦਦ ਲਈ ਦੋਵਾਂ ਦੇਸ਼ਾਂ ਨਾਲ ਸੰਪਰਕ ਕੀਤਾ ਜਾ ਚੁੱਕਾ ਹੈ। ਮੀਡੀਆ ਨਾਲ ਗੱਲਬਾਤ ਦੌਰਾਨ ਇਮਰਾਨ ਖਾਨ ਨੇ ਕਿਹਾ ਕਿ ਕੁਝ ਲੋਕ ਪ੍ਰਸ਼ਾਸਨਕ ਪੱਧਰ ਅਤੇ ਸਰਕਾਰੀ ਕੰਮਾਂ ਵਿਚ ਰੁਕਾਵਟਾਂ ਪਾ ਰਹੇ ਹਨ। ਇਹ ਉਹੀ ਲੋਕ ਹਨ ਜਿਨਾਂ ਦੀ ਨਿਯੁਕਤੀ ਪਿਛਲੀ ਸਰਕਾਰ ਨੇ ਕੀਤੀ ਸੀ। ਖਾਨ ਨੇ ਕਿਹਾ ਕਿ ਮੈਂ 22 ਸਾਲਾਂ ਦੇ ਸਖ਼ਤ ਸੰਘਰਸ਼ ਪਿੱਛੋਂ ਸੱਤਾ ਵਿਚ ਆਇਆ ਹਾਂ, ਇਸ ਲਈ ਏਦਾਂ ਦੇ ਮਾਮਲੇ ਨਿਬੇੜਨ ਲਈ ਮੇਰੇ ਕੋਲ ਲੋੜੀਂਦਾ ਠਰ੍ਹੰਮਾ ਹੈ। ਕੌਮੀ ਜਵਾਬਦੇਹੀ ਬਿਊਰੋ ਬਾਰੇ ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਸਪਸ਼ੱਟ ਕੀਤਾ ਕਿ ਇਹ ਇਕ ਆਜ਼ਾਦ ਅਦਾਰਾ ਹੈ, ਉਨ੍ਹਾਂ ਦੀ ਸਰਕਾਰ ਦਾ ਇਸ ਨਾਲ ਕੋਈ ਸਬੰਧ ਨਹੀਂ।

# ਮੋਦੀ ਨੇ ਲਾਲ ਕਿਲ੍ਹੇ ਤੋਂ ਆਖਿਆ: ਹਰ ਚੁਣੌਤੀ ਦਾ ਡਟ ਕੇ ਜਵਾਬ ਦੇਵਾਂਗੇ



ਨਵੀਂ ਦਿੱਲੀ, 21 ਅਕਤੂਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਲਾਲ ਕਿਲੇ ਦੀ ਫ਼ਸੀਲ ਤੋਂ ਕਿਹਾ ਕਿ ਭਾਰਤ ਨੇ ਕਦੀ ਕਿਸੇ ਦੇ ਇਲਾਕੇ 'ਤੇ ਅੱਖ ਨਹੀਂ ਰੱਖੀ, ਪਰ ਜੇ ਕਿਸੇ ਨੇ ਇਸ ਦੀ ਪ੍ਰਭੂਸੱਤਾ ਨੂੰ ਚੁਣੌਤੀ ਦਿੱਤੀ ਤਾਂ ਇਸ ਦਾ ਦੁੱਗਣੀ ਤਾਕਤ ਨਾਲ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਸਰਕਾਰ ਹਥਿਆਰਬੰਦ ਫ਼ੌਜਾਂ ਨੂੰ ਬਿਹਤਰ ਤਕਨਾਲੋਜੀ ਤੇ ਆਧੁਨਿਕ ਹਥਿਆਰ ਦਿਵਾਉਣ ਲਈ ਵਚਨਬੱਧ ਹੈ ਤੇ ਸੁਰੱਖਿਆ ਦਸਤਿਆਂ ਦੀ ਜ਼ਿੰਦਗੀ ਸੁਖਾਲੀ ਕਰਨ ਲਈ ਕੰਮ ਕਰ ਰਹੀ ਹੈ। ਮੋਦੀ ਨੇ ਕਿਹਾ ਕਿ ਸਰਕਾਰ ਅਜਿਹੀ ਫ਼ੌਜ ਪੇਸ਼ ਕਰਨ ਦੀ ਦਿਸ਼ਾ ਵੱਲ ਵਧ ਰਹੀ ਹੈ, ਜਿਸ ਦੀ ਤਸਵੀਰ ਨੇਤਾਜੀ ਸੁਭਾਸ਼ ਚੰਦਰ ਬੋਸ ਨੇ ਕਦੇ ਆਪਣੇ ਖਿਆਲਾਂ 'ਚ ਬਣਾਈ ਸੀ।

ਨੇਤਾਜੀ ਸੁਭਾਸ਼ ਚੰਦਰ ਬੋਸ ਅਤੇ ਆਜ਼ਾਦ ਹਿੰਦ ਫੌਜ ਨੂੰ ਯਾਦ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਨਹਿਰੂ-ਗਾਂਧੀ ਪਰਿਵਾਰ ਉੱਤੇ ਨਿਸ਼ਾਨਾ ਸੇਧਦੇ ਹੋਏ ਕਿਹਾ ਕਿ ਸਰਦਾਰ ਪਟੇਲ, ਬੀ ਆਰ ਅੰਬੇਡਕਰ ਤੇ ਸੁਭਾਸ਼ ਚੰਦਰ ਬੋਸ ਜਿਹੇ ਕਈ ਮਹਾਨ ਆਗੂਆਂ ਦੇ ਆਜ਼ਾਦੀ ਸੰਘਰਸ਼ ਵਿੱਚ ਪਾਏ ਯੋਗਦਾਨ ਨੂੰ ਗਿਣ-ਮਿੱਥ ਕੇ ਅਣਗੌਲੇ ਕੀਤਾ ਗਿਆ ਤਾਂ ਕਿ ਇਕ ਖਾਸ ਪਰਿਵਾਰ ਦਾ ਨਾਂ ਚਮਕਾਇਆ ਜਾ ਸਕੇ। ਮੋਦੀ ਅੱਜ ਸੁਭਾਸ਼ ਚੰਦਰ ਬੋਸ ਵੱਲੋਂ ਆਜ਼ਾਦ ਹਿੰਦ ਸਰਕਾਰ ਦੇ ਐਲਾਨ ਕਰਨ ਦੀ 75ਵੀਂ ਵਰ੍ਹੇਗੰਢ ਮੌਕੇ ਇੱਕ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾ ਨੇ ਆਜ਼ਾਦ ਹਿੰਦ ਫ਼ੌਜ ਦੀ ਟੋਪੀ ਪਹਿਨ ਕੇ ਲਾਲ ਕਿਲ੍ਹੇ 'ਤੇ ਕੌਮੀ ਝੰਡਾ ਲਹਿਰਾਇਆ ਤੇ ਵਰ੍ਹੇਗੰਢ ਨੂੰ ਸਮਰਪਿਤ ਪਲੇਕ ਤੋਂ ਪਰਦਾ ਚੁੱਕਿਆ। ਇਹ ਪਲੇਕ ਲਾਲ ਕਿਲ੍ਹੇ ਦੀ ਤਿੰਨ ਨੰਬਰ ਬੈਰਕ ਵਿੱਚ ਲਾਈ ਗਈ ਹੈ, ਜਿੱਥੇ ਆਜ਼ਾਦ ਹਿੰਦ ਫ਼ੌਜ ਦੇ ਮੈਂਬਰਾਂ ਖ਼ਿਲਾਫ ਕੇਸ ਚਲਾਇਆ ਗਿਆ ਸੀ। ਇਸ ਬੈਰਕ ਵਿੱਚ ਅਜਾਇਬਘਰ ਵੀ ਬਣਾਇਆ ਜਾਵੇਗਾ।

ਮੋਦੀ ਨੇ ਕਿਹਾ, "ਸੁਭਾਸ਼ ਬਾਬੂ ਨੇ ਹਮੇਸ਼ਾਂ ਭਾਰਤ ਦੇ ਇਤਿਹਾਸ ਤੇ ਅਮੀਰ ਕਦਰਾਂ ਕੀਮਤਾਂ ਉਤੇ ਮਾਣ ਮਹਿਸੂਸ ਕੀਤਾ ਸੀ। ਉਨ੍ਹਾਂ ਸਾਨੂੰ ਦੱਸਿਆ ਕਿ ਹਰ ਚੀਜ਼ ਨੂੰ ਗੈਰ ਭਾਰਤੀ ਸ਼ੀਸ਼ੇ ਵਿੱਚੋਂ ਤੱਕਣ ਦੀ ਕੋਈ ਲੋੜ ਨਹੀਂ।" ਮੋਦੀ ਨੇ ਕਿਹਾ ਕਿ ਜੇ ਦੇਸ਼ ਨੂੰ ਸੁਭਾਸ਼ ਬਾਬੂ, ਸਰਦਾਰ ਪਟੇਲ ਜਿਹੀਆਂ ਸ਼ਖ਼ਸੀਅਤਾਂ ਦੀ ਅਗਵਾਈ ਮਿਲ ਜਾਂਦੀ ਤਾਂ ਆਜ਼ਾਦੀ ਪਿੱਛੋਂ ਦੇਸ਼ ਦੇ ਹਾਲਾਤ ਕੁਝ ਹੋਰ ਹੁੰਦੇ। ਉਨ੍ਹਾ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਹਾਲਾਤ ਬਦਲੇ ਹਨ।

ਕਾਂਗਰਸ ਪਾਰਟੀ ਦੇ ਬੁਲਾਰੇ ਅਭਿਸ਼ੇਕ ਮਨੂ ਸਿੰਘਵੀ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਮੁਬਾਰਕ ਮੌਕਿਆਂ ਨੂੰ ਸਿਆਸੀ ਸੰਦ ਵਜੋਂ ਵਰਤ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਮੁੜ ਇਤਿਹਾਸ ਲਿਖਣ ਤੇ ਸਰਦਾਰ ਪਟੇਲ ਤੇ ਜਵਾਹਰ ਲਾਲ ਨਹਿਰੂ ਅਤੇ ਨੇਤਾਜੀ ਸੁਭਾਸ਼ ਚੰਦਰ ਬੋਸ ਤੇ ਨਹਿਰੂ ਵਿਚਾਲੇ ਖਿਆਲੀ ਸ਼ਰੀਕਾ ਪੇਸ਼ ਕਰਨ ਲਈ ਤਰਲੋ-ਮੱਛੀ ਹੋ ਰਹੀ ਹੈ ਅਤੇ ਕੋਝੇ ਸਿਆਸੀ ਤਿਕੜਮ ਲੜਾਉਣ ਲਈ ਸੁਭਾਗੇ ਮੌਕਿਆਂ ਦੀ ਵਰਤੋਂ ਕਰਦੀ ਹੈ।

# ਭਾਰਤ ਵਿੱਚ 82 ਫੀਸਦੀ ਪੁਰਸ਼ਾਂ ਅਤੇ 92 ਫੀਸਦੀ ਔਰਤਾਂ ਦੀ 10 ਹਜ਼ਾਰ ਤੋਂ ਘੱਟ ਤਨਖਾਹ

ਨਵੀਂ ਦਿੱਲੀ, 21 ਅਕਤੂਬਰ (ਪੋਸਟ ਬਿਊਰੋ)- ਭਾਰਤ 'ਚ ਜਦੋਂ ਔਰਤਾਂ ਦਾ ਸ਼ਕਤੀਕਰਨ ਕਰਨ ਦਾ ਰੌਲਾ ਪੈ ਰਿਹਾ ਹੈ, ਓਦੋਂ ਇਕ ਯੂਨੀਵਰਸਿਟੀ ਵੱਲੋਂ ਦਿੱਤੇ ਅੰਕੜਿਆਂ ਮੁਤਾਬਕ ਕੰਮ-ਕਾਜੀ ਔਰਤਾਂ ਸੋਸ਼ਣ ਕੀਤਾ ਜਾ ਰਿਹਾ ਹੈ।

ਯੂਨੀਵਰਸਿਟੀ ਵਲੋਂ ਜਾਰੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ 'ਚ ਕੰਮ-ਕਾਜੀ 92 ਫੀਸਦੀ ਔਰਤਾਂ ਨੂੰ 10 ਹਜ਼ਾਰ ਰੁਪਏ ਮਹੀਨਾ ਤੋਂ ਵੀ ਘੱਟ ਤਨਖਾਹ ਮਿਲਦੀ ਹੈ ਤੇ ਇਸ ਦੇ ਮੁਕਾਬਲੇ ਪੁਰਸ਼ਾਂ ਦੀ ਸਥਿਤੀ ਕੁਝ ਬਿਹਤਰ ਹੈ ਪ੍ਰੰਤੂ ਹੈਰਾਨੀ ਦੀ ਗੱਲ ਹੈ ਕਿ 82 ਫੀਸਦੀ ਪੁਰਸ਼ਾਂ ਨੂੰ 10 ਹਜ਼ਾਰ ਰੁਪਏ ਪ੍ਰਤੀ ਮਹੀਨੇ ਤੋਂ ਘੱਟ ਤਨਖਾਹ ਮਿਲ ਰਹੀ ਹੈ। ਅਜੀਮ ਪ੍ਰੇਮਜੀ ਯੂਨੀਵਰਸਿਟੀ ਦੇ ਰੁਜ਼ਗਾਰ ਕੇਂਦਰ ਨੇ ਕਿਰਤ ਬਿਊਰੋ ਦੇ ਪੰਜ ਸਾਲਾ ਰੁਜ਼ਗਾਰ-ਬੇਰੁਜ਼ਗਾਰੀ ਸਰਵੇਖਣ (2015-2016) ਦੇ ਆਧਾਰ ਉਤੇ ਸਟੇਟ ਆਫ ਵਰਕਿੰਗ ਇੰਡੀਆ-2018 ਰਿਪੋਰਟ ਬਣਾਈ ਹੈ। ਇਸ ਵਿੱਚ ਉਨ੍ਹਾਂ ਨੇ ਕੰਮ-ਕਾਜੀ ਪੁਰਸ਼ਾਂ ਅਤੇ ਔਰਤਾਂ ਦੇ ਅੰਕੜੇ ਤਿਆਰ ਕੀਤੇ ਹਨ। ਰਿਪੋਰਟ ਮੁਤਾਬਕ 2015 ਵਿੱਚ ਰਾਸ਼ਟਰੀ ਪੱਧਰ ਉਤੇ 67 ਫੀਸਦੀ ਪਰਿਵਾਰਾਂ ਦੀ ਮਾਸਿਕ ਆਮਦਨ 10 ਹਜ਼ਾਰ ਰੁਪਏ ਸੀ, ਸੱਤਵੇਂ ਕੇਂਦਰੀ ਵੇਤਨ ਕਮਿਸ਼ਨ (ਸੀ ਪੀ ਸੀ) ਵੱਲੋਂ ਸਿਫਾਰਸ਼ ਕੀਤੀ ਘੱਟੋ ਘੱਟ ਤਨਖਾਹ 18,000 ਰੁਪਏ ਪ੍ਰਤੀ ਮਹੀਨਾ ਹੈ। ਇਸ ਤੋਂ ਸਾਫ ਹੁੰਦਾ ਹੈ ਕਿ ਭਾਰਤ 'ਚ ਇਕ ਵੱਡੇ ਤਬਕੇ ਨੂੰ ਮਜ਼ਦੂਰੀ ਦੇ ਰੂਪ 'ਚ ਸਹੀ ਭੁਗਤਾਨ ਨਹੀਂ ਕੀਤਾ ਜਾ ਰਿਹਾ।








Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

**BRAMPTON $89,000**
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

**HAMILTON $25/Sq Ft.**

135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

**BRAMPTON $2,500**

85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

**BRAMPTON $54,900**

255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਐਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

**BRAMPTON $249,000**
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

**PICKERING $59,000**

1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

**BRAMPTON $541,800**

Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਉਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

**AJAX $169,900**
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

**KITCHENER $369,999**

Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

**TORONTO $508,775**

Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

**BRAMPTON $629,000**

60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

**TORONTO $825,000**

Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

**BRAMPTON $179,000**
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

**TORONTO $944,000**

Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

**BRAMPTON $849,000**

Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

**CALEDON $1,009,999**

Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਸ਼੍ਰੋਮਣੀ ਕਮੇਟੀ ਦੀ 'ਇਕ ਪਿੰਡ-ਇਕ ਗੁਰਦੁਆਰਾ' ਅਤੇ 'ਇਕ ਸ਼ਮਸ਼ਾਨ ਘਾਟ' ਮੁਹਿੰਮ ਚੱਲ ਨਹੀਂ ਸਕੀ

ਅੰਮ੍ਰਿਤਸਰ, 21 ਅਕਤੂਬਰ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣਨ ਪਿੱਛੋਂ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਅੱਠ ਕੁ ਮਹੀਨੇ ਪਹਿਲਾਂ ਜ਼ੋਰ ਸ਼ੋਰ ਨਾਲ ਆਰੰਭ ਕੀਤੀ ਮੁਹਿੰਮ 'ਇਕ ਪਿੰਡ-ਇਕ ਗੁਰਦੁਆਰਾ-ਇਕ ਸ਼ਮਸ਼ਾਨ ਘਾਟ' ਮੁਹਿੰਮ ਨੂੰ ਕੋਈ ਖਾਸ ਹੁੰਗਾਰਾ ਹੀ ਨਹੀਂ ਮਿ-ਲਆ।



ਵਰਨਣ ਯੋਗ ਹੈ ਕਿ ਪਿੰਡਾਂ ਵਿੱਚ ਜਾਤ ਆਧਾਰਿਤ ਗੁਰਦੁਆਰੇ ਬਣਾਉਣ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਅਕਾਲ ਤਖਤ ਸਾਹਿਬ ਦੇ ਆਦੇਸ਼ ਉੱਤੇ ਗੋਬਿੰਦ ਸਿੰਘ ਲੌਂਗੋਵਾਲ ਨੇ ਸ਼੍ਰੋਮਣੀ ਕਮੇਟੀ ਦੀ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਹੋਈ ਅੰਤਿੰਗ ਕਮੇਟੀ ਦੀ ਮੀਟਿੰਗ 'ਚ ਇਸ ਦਾ ਮਤਾ ਕਰਵਾਇਆ ਸੀ। ਇਸ ਪਿੱਛੋਂ ਇਹ ਮੁਹਿੰਮ ਜਗਰਾਉਂ ਨੇੜਲੇ ਪਿੰਡ ਚੱਕਰ ਤੋਂ ਬੀਤੀ 10 ਮਾਰਚ ਨੂੰ ਕੀਤੀ ਗਈ ਸੀ। ਸ਼੍ਰੋਮਣੀ ਕਮੇਟੀ ਨੇ ਪਿੰਡ 'ਚ ਇਕ ਗੁਰਦੁ-ਆਰਾ ਸਾਹਿਬ ਕਰਨ ਵਾਲੀਆਂ ਗੁਰਦੁਆਰਾ ਕਮੇਟੀਆਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਨਕਦ ਰਾਸ਼ੀ ਭੇਟ ਕਰਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ ਸੀ। ਮਿਲੀ ਜਾਣਕਾਰੀ ਅਨੁਸਾਰ ਜ਼ੋਰ ਸ਼ੋਰ ਨਾਲ ਚਲਾਈ ਇਸ ਮੁਹਿੰਮ ਨੂੰ ਪਿੰਡਾਂ ਦੀਆਂ ਗੁਰ-ਦੁਆਰਾ ਕਮੇਟੀਆਂ ਤੇ ਪੰਚਾਇਤਾਂ ਨੇ ਯੋਗ ਹੁੰਗਾਰਾ ਨਹੀਂ ਦਿੱਤਾ। ਇਸ ਦੌਰਾਨ ਪਿੰਡ ਚੱਕਰ ਤੇ ਪਿੰਡ ਧੂੜਕੋਟ ਸਮੇਤ ਪੰਜਾਬ ਦੇ 8-9 ਪਿੰਡਾਂ ਦੀਆਂ ਗੁਰਦੁਆਰਾ ਕਮੇਟੀਆਂ ਨੇ ਆਪਣੇ ਪਿੰਡ ਦੇ ਦੋ ਜਾਂ ਬਹੁਤੇ ਗੁਰਦੁਆਰਿਆਂ ਦੀ ਥਾਂ ਆਪਣੇ ਇਕ ਸਰਬ ਸਾਂਝਾ ਗੁਰਦੁ-ਆਰਾ ਸਾਹਿਬ ਬਣਾਇਆ ਸੀ, ਜਿਨ੍ਹਾਂ ਨੂੰ ਵੱਡੇ ਸਮਾਗਮ ਕਰਕੇ ਸ਼੍ਰੋਮਣੀ ਕਮੇਟੀ ਨੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਵੀ ਕੀਤਾ ਸੀ, ਬਾਅਦ 'ਚ ਖੁਦ ਪ੍ਰਧਾਨ ਤੇ ਹੋਰ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਵੱਲੋਂ ਇਸ ਦੇ ਲਈ ਉਤਸ਼ਾਹ ਨਾ ਦਿਖਾਏ ਜਾਣ ਕਰਕੇ ਇਹ ਮੁਹਿੰਮ ਕੁਝ ਮਹੀਨਿਆਂ ਬਾਅਦ ਠੁੱਸ ਹੋ ਕੇ

# ਹੈਲੀਕਾਪਟਰ ਕੰਪਨੀਆਂ ਦਾ ਕਾਰੋਬਾਰ ਲਗਾਤਾਰ ਕਮਾਊ ਬਣੀ ਜਾ ਰਿਹੈ

ਰੁਦਰ ਪ੍ਰਯਾਗ, 21 ਅਕਤੂਬਰ (ਪੋਸਟ ਬਿਊਰੋ)- ਵਿਸ਼ਵ ਪ੍ਰਸਿੱਧ ਕੇਦਾਰਨਾਥ ਧਾਮ ਲਈ ਹੈਲੀਕਾਪਟਰ ਸੇਵਾ ਚਲਾਉਣ ਵਾਲੀਆਂ ਕੰਪਨੀਆਂ ਇਸ ਸੀਜ਼ਨ ਵਿਚ ਕੱਲ੍ਹ ਤਕ 57 ਕਰੋੜ ਰੁਪਏ ਤੋਂ ਵੱਧ ਦਾ ਕਾਰੋਬਾਰ ਕਰ ਚੁੱਕੀਆਂ ਸਨ, ਜਦ ਕਿ ਯਾਤਰਾ ਖ਼ਤਮ ਹੋਣ ਵਿਚ ਹਾਲੇ 20 ਦਿਨਾਂ ਦਾ ਸਮਾਂ ਬਾਕੀ ਸੀ। ਆਫ਼ਤ ਤੋਂ ਬਾਅਦ ਕੇਦਾਰਨਾਥ ਲਈ ਹਵਾਈ ਸੇਵਾਵਾਂ ਦਾ ਚੱਲਣ ਵਧਿਆ ਹੈ, ਜਿਸ ਨਾਲ ਹੈਲੀ ਯਾਤਰੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।



ਸਾਲ 2013 ਦੀ ਕੇਦਾਰਨਾਥ ਤ੍ਰਾਸਦੀ ਤੋਂ ਪਹਿਲਾਂ ਵੀ ਹੈਲੀਕਾਪਟਰ ਕੰਪਨੀਆਂ ਕੇਦਾਰਨਾਥ ਲਈ ਸੇਵਾ ਦਿੰਦੀਆਂ ਰਹੀਆਂ ਹਨ, ਪਰ ਆਫ਼ਤ ਤੋਂ ਬਾਅਦ ਪੈਦਲ ਮਾਰਗ ਦੀਆਂ ਮੁਸ਼ਕਲਾਂ ਨੂੰ ਵੇਖਦੇ ਹੋਏ ਯਾਤਰੀ ਪੈਦਲ ਚੱਲਣ ਦੀ ਬਜਾਏ ਹਵਾਈ ਸਫ਼ਰ ਨੂੰ ਪਹਿਲ ਦੇਣ ਲੱਗੇ ਹਨ। ਇਸ ਨਾਲ ਕੇਦਾਰਨਾਥ ਵਿੱਚ ਹੈਲੀਕਾਪਟਰ ਸੇਵਾ ਚਲਾ ਰਹੀਆਂ ਕੰਪਨੀਆਂ ਦਾ ਹੜ੍ਹ ਜਿਹਾ ਆ ਗਿਆ ਹੈ। ਇਸ ਸਾਲ ਬਾਰਿਸ਼ ਸ਼ੁਰੂ ਹੋਣ ਤੋਂ ਪਹਿਲਾਂ ਨੌਂ ਹੈਲੀਕਾਪਟਰ ਕੰਪਨੀਆਂ ਨੇ ਕੇਦਾਰਨਾਥ ਧਾਮ ਦੇ ਲਈ ਆਪਣੀਆਂ ਸੇਵਾਵਾਂ ਦਿੱਤੀਆਂ ਤੇ ਬਾਰਿਸ਼ ਤੋਂ ਬਾਅਦ ਪੰਜ ਕੰਪਨੀਆਂ ਸੇਵਾ ਦੇ ਰਹੀਆਂ ਹਨ।

ਕੇਦਾਰਨਾਥ ਵਿੱਚ ਸਭ ਤੋਂ ਪਹਿਲਾਂ ਸਾਲ 2003 ਵਿਚ ਪਵਨਹੰਸ ਕੰਪਨੀ ਨੇ ਅਗਸਤ ਮੁਨੀ ਤੋਂ ਹੈਲੀਕਾਪਟਰ ਸੇਵਾ ਸ਼ੁਰੂ ਕੀਤੀ ਸੀ। ਇਸ ਤੋਂ ਬਾਅਦ ਇਕੱਲੀ ਇਸ ਕੰਪਨੀ ਨੇ ਤਿੰਨ ਸਾਲ ਕੇਦਾਰਨਾਥ ਲਈ ਸੇਵਾਵਾਂ ਦਿੱਤੀਆਂ। ਸਾਲ 2006 ਵਿਚ ਗੁਪਤਕਾਸ਼ੀ, ਸ਼ੇਰਸੀ, ਨਾਲਾਨ ਤੇ ਸੋਨਪ੍ਰਯਾਗ ਵੱਲੋਂ ਵੀ ਹੈਲੀਕਾਪਟਰ ਸੇਵਾਵਾਂ ਸ਼ੁਰੂ ਹੋ ਗਈਆਂ। ਬਾਵਜੂਦ ਇਸ ਤੋਂ ਉਦੋਂ ਸੀਮਤ ਗਿਣਤੀ ਵਿਚ ਯਾਤਰੀ ਹੈਲੀਕਾਪਟਰ ਰਾਹੀਂ ਦਰਸ਼ਨਾਂ ਨੂੰ ਜਾਂਦੇ ਸਨ, ਪਰ ਆਫ਼ਤ ਤੋਂ ਬਾਅਦ ਤਾਂ ਕੇਦਾਰ ਘਾਟੀ ਵਿਚ ਹੈਲੀਕਾਪਟਰ ਕੰਪਨੀਆਂ ਦਾ ਹੜ੍ਹ ਆ ਗਿਆ। ਇਸ ਸਾਲ ਨੌਂ ਹੈਲੀ ਕੰਪਨੀਆਂ ਨੂੰ ਡਾਇਰੈਕਟਰ ਜਨਰਲ ਸਿਵਲ ਐਵੀਏਸ਼ਨ (ਡੀ ਜੀ ਸੀ ਏ) ਤੋਂ ਕੇਦਾਰਨਾਥ ਲਈ ਉਡਾਣ ਭਰਨ ਦੀ ਆਗਿਆ ਮਿਲੀ ਹੈ। ਇਨ੍ਹਾਂ ਵਿਚ ਪਵਨਹੰਸ, ਯੂ ਟੀ ਆਰ, ਪਿਨੈਕਲ, ਹਿਮਾਲੀਅਨ ਹੈਲੀ, ਗਲੋਬਲ ਵੈਕਟਰਾ ਹੈਲੀਕਾਰਪ, ਹੈਰੀਟੇਜ, ਏਅਰੋ ਐਵੀਏਸ਼ਨ, ਆਰੀਅਨ ਅਤੇ ਟ੍ਰਾਂਸ ਭਾਰਤ ਕੰਪਨੀਆਂ ਸ਼ਾਮਲ ਹਨ।

# ਭਾਰਤ-ਚੀਨ ਜੰਗ ਵੇਲੇ ਦਾ 38 ਕਰੋੜ ਰੁਪਏ ਮੁਆਵਜ਼ਾ 56 ਸਾਲ ਬਾਅਦ ਮਿਲਿਆ

ਬੋਮਡਿਲਾ (ਅਰੁਣਾਚਲ ਪ੍ਰਦੇਸ਼), 21 ਅਕਤੂਬਰ (ਪੋਸਟ ਬਿਊਰੋ)- ਭਾਰਤ-ਚੀਨ ਜੰਗ ਦੇ 56 ਸਾਲ ਬਾਅਦ ਅਰੁਣਾਚਲ ਪ੍ਰਦੇਸ਼ ਦੇ ਇੱਕ ਪਿੰਡ ਦੇ ਲੋਕਾਂ ਨੂੰ ਆਪਣੀ ਜ਼ਮੀਨ ਦੇ ਮੁਆਵਜ਼ੇ ਲਈ 38 ਕਰੋੜ ਰੁਪਏ ਮਿਲੇ ਹਨ।




ਵਰਨਣ ਯੋਗ ਹੈ ਕਿ 1962 ਦੀ ਜੰਗ ਤੋਂ ਬਾਅਦ ਭਾਰਤੀ ਫ਼ੌਜ ਨੇ ਇਸ ਪਿੰਡ ਦੀ ਜ਼ਮੀਨ ਫ਼ੌਜੀ ਅੱਡਾ, ਬੰਕਰ, ਸੜਕਾਂ ਆਦਿ ਬਣਾਉਣ ਲਈ ਐਕਵਾਇਰ ਕੀਤੀ ਸੀ। ਬੀਤੇ ਸ਼ੁੱਕਰਵਾਰ ਨੂੰ ਪੱਛਮੀ ਕਾਮੇਂਗ ਵਿਚ ਕਰਵਾਏ ਇਕ ਵਿਸ਼ੇਸ਼ ਸਮਾਗਮ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਕਿਰਨ ਰਿਜਿਜੂ ਅਤੇ ਇਸ ਰਾਜ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਇਸ ਜ਼ਮੀਨ ਦੀ ਮੁਆਵਜ਼ਾ ਰਾਸ਼ੀ ਦੇ ਚੈੱਕ ਪਿੰਡ ਦੇ ਲੋਕਾਂ ਵਿਚ ਵੰਡੇ।

ਇਸ ਮੌਕੇ ਕਿਰਨ ਰਿਜਿਜੂ ਨੇ ਦੱਸਿਆ ਕਿ ਕੁਲ 37.73 ਕਰੋੜ ਰੁਪਏ ਦੇ ਚੈੱਕ ਪਿੰਡ ਵਾਸੀਆਂ ਵਿਚ ਵੰਡੇ ਗਏ ਹਨ। ਜਿਹੜੀ ਜ਼ਮੀਨ ਓਦੋਂ ਐਕਵਾਇਰ ਕੀਤੀ ਗਈ ਸੀ, ਉਹ ਸਾਂਝੀ ਜ਼ਮੀਨ ਸੀ। ਇਸ ਲਈ ਇਹ ਵੱਡੀ ਰਾਸ਼ੀ ਇਕੱਠੀ ਦਿੱਤੀ ਗਈ ਹੈ, ਅੱਗੋਂ ਪਿੰਡ ਵਾਸੀਆਂ ਵਿਚ ਇਹ ਵੰਡੀ ਜਾਵੇਗੀ। ਜਿਨ੍ਹਾਂ ਪਿੰਡ ਵਾਸੀਆਂ ਨੂੰ ਵੱਡੀ ਰਾਸ਼ੀ ਦੇ ਚੈੱਕ ਮਿਲੇ ਹਨ, ਉਨ੍ਹਾਂ ਵਿਚ ਪ੍ਰੇਮ ਦੋਰਜੀ ਖਿਰਮੇ ਨੂੰ 6.31 ਕਰੋੜ ਰੁਪਏ, ਫੁੰਡਸੋ ਖਾਵਾ ਨੂੰ 6.21 ਕਰੋੜ ਰੁਪਏ ਅਤੇ ਖਾਂਡੂ ਗਲੋ ਨੂੰ 5.98 ਕਰੋੜ ਰੁਪਏ ਮਿਲੇ ਹਨ। ਇਸ ਤੋਂ ਪਹਿਲਾਂ ਪਿੰਡ ਵਾਸੀਆਂ ਨੂੰ ਕੋਈ ਮੁਆਵਜ਼ਾ ਨਹੀਂ ਮਿਲਿਆ ਸੀ। ਮੁਆਵਜ਼ੇ ਦੇ ਲਈ ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਖ਼ਾਸ ਕੋਸ਼ਿਸ਼ਾਂ ਕੀਤੀਆਂ ਅਤੇ ਰੱਖਿਆ ਮੰਤਰਾਲੇ ਦੇ ਅਧਿਕਾਰੀਆਂ ਤੇ ਮੰਤਰੀਆਂ ਨਾਲ ਨਿੱਜੀ ਤੌਰ 'ਤੇ ਮਿਲ ਕੇ ਰਾਸ਼ੀ ਮਨਜ਼ੂਰ ਕਰਵਾਈ ਹੈ।

ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਫ਼ੌਜ ਨੇ ਦੇਸ਼ ਹਿੱਤ ਵਿਚ ਜ਼ਮੀਨ ਐਕਵਾਇਰ ਕੀਤੀ ਸੀ, ਪਰ ਕਿਸੇ ਵੀ ਸਰਕਾਰ ਨੇ ਪਿੰਡ ਵਾਸੀਆਂ ਨੂੰ ਮੁਆਵਜ਼ਾ ਦਿਵਾਉਣ ਦੀ ਚਿੰਤਾ ਨਹੀਂ ਕੀਤੀ। ਇਸ ਦੀ ਜਾਣਕਾਰੀ ਮਿਲੀ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਦੇ ਨੋਟਿਸ ਵਿਚ ਮਾਮਲਾ ਲਿਆਂਦਾ ਗਿਆ, ਉਦੋਂ ਉਨ੍ਹਾਂ ਨੇ ਮੁਆਵਜ਼ਾ ਮਨਜ਼ੂਰ ਕਰਨ ਦੇ ਨਿਰਦੇਸ਼ ਦਿੱਤੇ। ਮੁਆਵਜ਼ੇ ਦੇ ਕੁੱਲ 37.73 ਕਰੋੜ ਰੁਪਏ ਦੇ ਦਿੱਤੇ ਗਏ ਹਨ। ਪੱਛਮੀ ਕਾਮੇਂਗ ਜ਼ਿਲ੍ਹੇ ਵਿਚ ਇਕ ਹੋਰ ਥਾਂ ਐਕਵਾਇਰ ਕੀਤੀ ਜ਼ਮੀਨ ਬਦਲੇ ਸਰਕਾਰ ਨੇ ਅਪ੍ਰੈਲ 2017 ਵਿਚ 152 ਪਰਿਵਾਰਾਂ ਨੂੰ 54 ਕਰੋੜ ਰੁਪਏ ਮੁਆਵਜ਼ਾ ਦਿੱਤਾ ਸੀ। ਉਸੇ ਸਾਲ ਸਤੰਬਰ ਵਿਚ ਇਕ ਹੋਰ ਥਾਂ ਹੋਏ ਐਕਵਾਇਰ ਲਈ 158 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਵੰਡੀ ਗਈ ਸੀ। ਇਹ ਨਿੱਜੀ ਜ਼ਮੀਨ ਫ਼ੌਜ ਨੇ ਆਪਣੇ ਕੰਮਾਂ ਲਈ ਐਕਵਾਇਰ ਕੀਤੀ ਸੀ।

# ਬਟਾਲੇ ਦਾ ਨੌਜਵਾਨ ਦੱਖਣੀ ਅਫ਼ਰੀਕਾ 'ਚ ਮਾਰ ਦਿੱਤਾ ਗਿਆ

ਬਟਾਲਾ, 21 ਅਕਤੂਬਰ (ਪੋਸਟ ਬਿਊਰੋ)- ਦੱਖਣੀ ਅਫ਼ਰੀਕਾ ਵਿਖੇ ਕੁਝ ਅਣਪਛਾਤੇ ਹਮਲਾਵਰਾਂ ਨੇ ਕੱਲ੍ਹ ਬਟਾਲਾ ਦੇ ਇੱਕ ਨੌਜਵਾਨ ਦੀ ਗੋਲ਼ੀਆਂ ਮਾਰ ਕੇ ਹੱਤਿਆ ਕਰ ਦਿੱਤੀ। ਘਟਨਾ ਤੋਂ ਬਾਅਦ ਓਥੋ ਦੇ ਪ੍ਰਸ਼ਾਸਨ ਵੱਲੋਂ ਜ਼ਰੂਰੀ ਕਾਰਵਾਈ ਕਰਨ ਉਪਰੰਤ ਮ੍ਰਿਤਕ ਦੇਹ ਨੂੰ ਭਾਰਤ ਲਈ ਰਵਾਨਾ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਸੰਦੀਪ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਡੇਰਾ ਰੋਡ ਬਟਾਲਾ ਨੇ ਦੱਸਿਆ ਕਿ ਪਿਛਲੇ ਕਰੀਬ 14 ਸਾਲਾਂ ਉਹ ਤੋਂ ਦੱਖਣੀ ਅਫ਼ਰੀਕਾ ਦੇ ਜ਼ਿਲ੍ਹਾ ਪ੍ਰੀਟੋਰੀਆ ਵਿਖੇ ਰਹਿ ਰਹੇ ਹਨ ਤੇ ਓਥੇ ਉਨ੍ਹਾਂ ਦੇ ਤਿੰਨ ਸਟੋਰ ਹਨ। ਕੰਮ ਵੱਧ ਹੋਣ ਕਾਰਨ ਕਰੀਬ 10 ਸਾਲ ਪਹਿਲਾਂ ਬਲਜੀਤ ਸਿੰਘ ਵੀ ਆਪਣੇ ਭਰਾ ਸੰਦੀਪ ਕੋਲ ਦੱਖਣੀ ਅਫ਼ਰੀਕਾ ਚਲੇ ਗਿਆ ਸੀ। ਇਕ ਮਹੀਨਾ ਪਹਿਲਾਂ ਮ੍ਰਿਤਕ ਦਾ ਭਰਾ ਸੰਦੀਪ ਸਿੰਘ ਭਾਰਤ ਆ ਗਿਆ ਤੇ ਬਲਜੀਤ ਸਿੰਘ ਉਥੇ ਕੰਮ ਕਾਰ ਦੇਖਦਾ ਸੀ। ਇਸੇ ਦੌਰਾਨ ਹੀ ਬੀਤੀ 18 ਤਰੀਕ ਨੂੰ ਉਨ੍ਹਾਂ ਨੂੰ ਬਲਜੀਤ ਸਿੰਘ ਦੇ ਕਤਲ ਦੀ ਜਾਣਕਾਰੀ ਮਿਲੀ।

ਪਰਿਵਾਰਕ ਮੈਂਬਰਾਂ ਨੇ ਇਸ ਕਤਲ ਬਾਰੇ ਆਪਣਾ ਸ਼ੱਕ ਜ਼ਾਹਿਰ ਕਰਦਿਆਂ ਕਿਹਾ ਕਿ ਕਰੀਬ ਤਿੰਨ ਮਹੀਨੇ ਪਹਿਲਾਂ ਬਲਜੀਤ ਸਿੰਘ ਨੇ ਪ੍ਰੀਟੋਰੀਆ ਦੇ ਇਲਾਕਾ ਹਮਸ ਕਾਲ ਵਿਖੇ ਇਕ ਮਕਾਨ ਖ਼ਰੀਦਿਆ ਸੀ, ਜਿਸ ਦੀ ਕੁੱਲ ਅਦਾਇਗੀ 1 ਲੱਖ 80 ਹਜ਼ਾਰ ਰੈਂਡ (ਕਰੀਬ 10 ਲੱਖ ਭਾਰਤੀ ਰੁਪਏ) ਮਕਾਨ ਦੇ ਮਾਲਕ ਨੂੰ ਕਰ ਦਿੱਤੀ ਸੀ। ਇਸ ਦੇ ਬਾਵਜੂਦ ਮਕਾਨ ਮਾਲਕ ਉਹ ਮਕਾਨ ਬਲਜੀਤ ਸਿੰਘ ਦੇ ਨਾਂਅ ਨਹੀਂ ਕਰ ਰਿਹਾ ਸੀ। ਜਿਸ ਦਿਨ ਬਲਜੀਤ ਸਿੰਘ ਦਾ ਕਤਲ ਹੋਇਆ, ਉਸ ਦਿਨ ਵੀ ਮਕਾਨ ਮਾਲਕ ਨੇ ਉਸ ਨੂੰ ਫੋਨ ਕਰ ਕੇ ਮਿਲਣ ਲਈ ਬੁਲਾਇਆ ਸੀ, ਪਰ ਬਲਜੀਤ ਉਸ ਕੋਲ ਨਹੀਂ ਸੀ ਜਾ ਸਕਿਆ। ਇਸੇ ਦੌਰਾਨ ਮਕਾਨ ਮਾਲਕ ਨੇ ਬਲਜੀਤ ਨੂੰ ਫੋਨ ਕਰ ਕੇ ਉਸ ਦੀ ਲੋਕੇਸ਼ਨ ਪੁੱਛੀ ਸੀ ਅਤੇ ਉਸ ਤੋਂ ਕੁਝ ਸਮਾਂ ਬਾਅਦ ਇਕ ਕਾਰ ਵਿੱਚ ਸਵਾਰ ਲੋਕਾਂ ਨੇ ਪਿਛੋਂ ਆ ਕੇ ਉਸ ਦੀ ਕਾਰ ਉੱਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਇਸ ਨਾਲ ਦੋ ਗੋਲ਼ੀਆਂ ਕਾਰ ਵਿੱਚ ਧੱਸ ਗਈਆਂ ਤੇ ਤੀਸਰੀ ਗੋਲੀ ਕਾਰ ਦੀ ਬਾਰੀ ਨੂੰ ਚੀਰਦੀ ਹੋਈ ਬਲਜੀਤ ਨੂੰ ਜਾ ਲੱਗੀ। ਘਟਨਾ ਤੋਂ ਬਾਅਦ ਲੋਕਾਂ ਵਲੋਂ ਹਸਪਤਾਲ ਪੁੱਜਣ ਤੋਂ ਪਹਿਲਾਂ ਹੀ ਬਲਜੀਤ ਦੀ ਮੌਤ ਹੋ ਜਾਣ ਦੀ ਪੁਸ਼ਟੀ ਕਰ ਦਿੱਤੀ।

# ਚੰਡੀਗੜ੍ਹ ਵਿੱਚ ਕ੍ਰਿਕਟ ਖਿਡਾਰੀ ਭੱਜੀ ਦੀ ਕੋਠੀ ਨੂੰ ਕੋਈ ਤਾਲਾ ਲਾ ਗਿਆ



ਚੰਡੀਗੜ੍ਹ, 21 ਅਕਤੂਬਰ (ਪੋਸਟ ਬਿਊਰੋ)- ਕ੍ਰਿਕਟ ਖਿਡਾਰੀ ਹਰਭਜਨ ਸਿੰਘ ਦੀ ਕੋਠੀ ਉਤੇ ਕਿਸੇ ਨੇ ਤਾਲਾ ਲਾ ਦਿੱਤਾ ਹੈ। ਇਸ ਬਾਰੇ ਨਾਰਾਜ਼ਗੀ ਪ੍ਰਗਟ ਕਰਦਿਆਂ ਹਰਭਜਨ ਸਿੰਘ ਨੇ ਕਿਹਾ ਕਿ ਕੋਠੀ 'ਚ ਰਹਿਣਾ ਜਾਂ ਨਾ ਰਹਿਣਾ ਮੇਰੀ ਮਰਜ਼ੀ ਹੈ। ਇਸ ਨੂੰ ਕੋਈ ਦੂਜਾ ਬੰਦਾ ਤਾਲਾ ਕਿਵੇਂ ਲਾ ਸਕਦਾ ਹੈ।

ਸੀ ਸੀ ਟੀ ਵੀ ਫੁਟੇਜ ਦੀ ਜਾਂਚ ਵਿੱਚੋਂ ਕੁਝ ਨਾ ਨਿਕਲਣ ਅਤੇ ਕਿਸੇ ਤਰ੍ਹਾਂ ਦਾ ਵਿਵਾਦ ਸਾਹਮਣੇ ਨਾ ਆਉਣ ਦੇ ਕਾਰਨ ਪੁਲਸ ਇਸ ਘਟਨਾ ਨੂੰ ਕਿਸੇ ਦੀ ਸ਼ਰਾਰਤ ਮੰਨ ਰਹੀ ਹੈ। ਹਰਭਜਨ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਕੋਠੀ ਖਰੀਦੀ ਹੋਈ ਹੈ ਅਤੇ ਸਫਾਈ ਕਰਨ ਲਈ ਮਾਲੀ ਨੂੰ ਭੇਜਿਆ ਤਾਂ ਪਤਾ ਲੱਗਾ ਕਿ ਉਨ੍ਹਾਂ ਦੇ ਤਾਲੇ ਦੇ ਹੇਠਾਂ ਦੂਜਾ ਤਾਲਾ ਲੱਗਾ ਹੈ। ਇਹ ਤਾਲਾ ਕਿਸ ਨੇ ਲਾਇਆ, ਇਸ ਦੀ ਜਾਣਕਾਰੀ ਕਿਸੇ ਨੂੰ ਨਹੀਂ ਹੈ। ਸੂਚਨਾ ਮਿਲਣ ਤੋਂ ਬਾਅਦ ਹਰਭਜਨ ਐਸ ਐਸ ਪੀ ਨੀਲਾਂਬਰੀ ਵਿਜੇ ਜਗਦਾਲੇ ਨੂੰ ਮਿਲਣ ਗਏ ਤੇ ਸ਼ਿਕਾਇਤ ਕੀਤੀ। ਮਾਮਲਾ ਨੋਟਿਸ 'ਚ ਆਉਣ ਪਿੱਛੋਂ ਆਲੇ ਦੁਆਲੇ ਦੇ ਲੋਕਾਂ ਤੋਂ ਪੁੱਛਗਿੱਛ ਕਰਨ ਦੇ ਨਾਲ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਦੇਖੀ ਗਈ, ਜਿਸ ਵਿੱਚ ਦਿਨ ਦੀ ਤਸਵੀਰ ਆ ਰਹੀ ਸੀ, ਪਰ ਹਨੇਰਾ ਹੋਣ ਤੋਂ ਬਾਅਦ ਕੁਝ ਨਹੀਂ ਦਿਖਾਈ ਦੇ ਰਿਹਾ ਅਤੇ ਕਿਸੇ ਵਿਅਕਤੀ ਨੂੰ ਆਉਂਦੇ ਜਾਂਦੇ ਵੀ ਨਹੀਂ ਦੇਖਿਆ ਗਿਆ। ਹਰਭਜਨ ਸਿੰਘ ਨੇ ਸਾਲ 2008 ਵਿੱਚ ਸੈਕਟਰ ਨੌਂ ਵਿੱਚ ਕੋਠੀ ਖਰੀਦੀ ਸੀ, ਪਰ ਉਸ ਕੋਠੀ 'ਚ ਕਿਸੇ ਦੇ ਨਾ ਰਹਿਣ ਕਾਰਨ ਉਥੇ ਘਾਹ ਅਤੇ ਝਾੜੀਆਂ ਉਗ ਆਈਆਂ ਸਨ ਅਤੇ ਆਏ ਦਿਨ ਜ਼ਹਿਰੀਲੇ ਜਾਨਵਰ ਦਿਖਾਈ ਦਿੰਦੇ ਸਨ। ਇਸ ਤੋਂ ਬਾਅਦ ਇਕ ਗੁਆਂਢੀ ਨੇ ਉਨ੍ਹਾਂ ਦੇ ਪਟਿਆਲਾ ਰਹਿੰਦੇ ਜੀਜੇ ਨੂੰ ਸੂਚਨਾ ਦਿੱਤੀ ਕਿ ਮਿਹਰਬਾਨੀ ਕਰਕੇ ਕੋਠੀ ਦੀ ਸਫਾਈ ਕਰਵਾ ਦਿਓ, ਕਿਉਂਕਿ ਏਥੇ ਗੰਦ ਪਿਆ ਫਿਰਦਾ ਹੈ।

# ਸਾਊਦੀ ਅਰਬ ਨੇ ਆਪਣੇ ਕੌਂਸਲੇਟ ਵਿੱਚ ਪੱਤਰਕਾਰ ਖਾਸ਼ੋਗ਼ੀ ਦੀ ਮੌਤ ਹੋਈ ਮੰਨ ਲਈ

ਰਿਆਧ, 21 ਅਕਤੂਬਰ, (ਪੋਸਟ ਬਿਊਰੋ)- ਸਾਊਦੀ ਅਰਬ ਨੇ ਅੱਜ ਸ਼ਨਿਚਰਵਾਰ ਨੂੰ ਮੰਨ ਲਿਆ ਕਿ ਉਸ ਦੀ ਸਰਕਾਰ ਦੇ ਆਲੋਚਕ ਤੇ ਪੱਤਰਕਾਰ ਜਮਾਲ ਖਾਸ਼ੋਗ਼ੀ ਨੂੰ ਤੁਰਕੀ ਦੇ ਸ਼ਹਿਰ ਇਸਤਾਂਬੂਲ ਵਿਚ ਉਨ੍ਹਾਂ ਦੇ ਕੌਂਸਲੇਟ ਵਿਚ ਹੀ ਕਤਲ ਕੀਤਾ ਗਿਆ ਹੈ। ਇਹ ਦੋਸ਼ ਮੰਨਣ ਵਿਚ ਸਾਊਦੀ ਅਰਬ ਦੀ ਸਰਕਾਰ ਨੇ ਦੋ ਹਫ਼ਤੇ ਤੋਂ ਵੱਧ ਸਮਾਂ ਲਿਆ ਅਤੇ ਕਿਹਾ ਕਿ ਪੱਤਰਕਾਰ ਸਾਊਦੀ ਅਰਬ ਦੇ ਅਧਿਕਾਰੀਆਂ ਨਾਲ ਬਹਿਸ ਦੌਰਾਨ ਹੱਥੋਪਾਈ ਵਿਚ ਮਾਰਿਆ ਗਿਆ ਹੈ। ਨਾਲ ਇਹ ਕਿਹਾ ਹੈ ਕਿ ਗਲਫ਼ ਅਥਾਰਿਟੀ ਨੇ 18 ਲੋਕਾਂ ਨੂੰ ਇਸ ਸੰਬੰਧ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਦੇਸ਼ ਦੇ ਡਿਪਟੀ ਇੰਟੈਲੀਜੈਂਸ (ਖੁਫ਼ੀਆ) ਚੀਫ ਅਤੇ ਮੀਡੀਆ ਸਲਾਹਕਾਰ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ।


ਪੱਤਰਕਾਰ ਖਾਸ਼ੋਗੀ ਦੀ ਫਾਇਲ ਫੋਟੋ।

ਇਸ ਦੌਰਾਨ ਸਾਊਦੀ ਅਰਬ ਦੇ ਕਿੰਗ ਸਲਮਾਨ ਨੇ ਇਸ ਘਟਨਾ ਦੇ ਸੰਬੰਧ ਵਿੱਚ ਪੰਜ ਅਫਸਰਾਂ ਨੂੰ ਬਰਖ਼ਾਸਤ ਕਰ ਦਿੱਤਾ ਹੈ। ਇਨ੍ਹਾਂ ਵਿਚ ਸ਼ਾਹੀ ਦਰਬਾਰ ਦੇ ਸਲਾਹਕਾਰ ਤੇ ਕਰਾਊਨ ਪ੍ਰਿੰਸ ਦੇ ਬੇਹੱਦ ਭਰੋਸੇਯੋਗ ਮੰਨੇ ਜਾ ਰਹੇ ਸੌਦ-ਅਲ ਕਰਤਨੀ ਅਤੇ ਡਿਪਟੀ ਇੰਟੈਲੀਜੈਂਸ ਚੀਫ ਅਹਿਮਦ ਅਸੀਰੀ ਸ਼ਾਮਿਲ ਹਨ। ਇਸ ਤੋਂ ਇਲਾਵਾ ਖ਼ੁਫ਼ੀਆ ਏਜੰਸੀਆਂ ਦੇ ਪੁਨਰਗਠਨ ਲਈ ਵੀ ਉਨ੍ਹਾਂ ਨੇ ਪ੍ਰਿੰਸ ਮੁਹੰਮਦ ਦੀ ਅਗਵਾਈ ਵਿੱਚ ਇਕ ਮੰਤਰੀ ਮੰਡਲ ਦੀ ਕਮੇਟੀ ਬਣਾਈ ਹੈ। ਇਸ ਤੋਂ ਸਾਫ਼ ਹੁੰਦਾ ਹੈ ਕਿ ਕਰਾਊਨ ਪ੍ਰਿੰਸ ਦੇ ਵਿਆਪਕ ਅਧਿਕਾਰ ਬਣੇ ਰਹਿਣਗੇ।

ਸਾਊਦੀ ਅਰਬ ਸਰਕਾਰ ਦੇ ਐਲਾਨ ਨਾਲ ਦੁਨੀਆ ਦੇ ਹੋਰਨਾਂ ਦੇਸ਼ਾਂ ਉੱਤੇ ਬਹੁਤਾ ਅਸਰ ਨਹੀਂ ਹੋਇਆ। ਬ੍ਰਿਟੇਨ ਦਾ ਕਹਿਣਾ ਹੈ ਕਿ ਉਹ ਆਪਣੇ ਅਗਲੇ ਕਦਮ ਬਾਰੇ ਸੋਚ ਰਿਹਾ ਹੈ। ਆਸਟਰੇਲੀਆ ਨੇ ਕਿਹਾ ਕਿ ਉਹ ਹੱਤਿਆ ਦੇ ਵਿਰੋਧ ਵਿੱਚ ਸਾਊਦੀ ਅਰਬ ਵਿੱਚ ਹੋ ਰਹੇ ਨਿਵੇਸ਼ ਸੰਮੇਲਨ ਤੋਂ ਪਾਸੇ ਹਟ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਪੱਤਰਕਾਰ ਦੀ ਮੌਤ ਬਾਰੇ ਸਾਊਦੀ ਅਰਬ ਵਲੋਂ ਦਿੱਤੀ ਸਫ਼ਾਈ ਉੱਤੇ ਉਨ੍ਹਾਂ ਨੂੰ ਭਰੋਸਾ ਹੈ, ਜਦ ਕਿ ਇਸ ਤੋਂ ਪਹਿਲਾਂ ਅਮਰੀਕਾ ਨੇ ਪਾਬੰਦੀਆਂ ਲਾਉਣ ਦੀ ਗੱਲ ਵੀ ਕਹੀ ਸੀ। ਯੂ ਐੱਨ ਓ ਦੇ ਮੁਖੀ ਅੰਤੋਨੀਓ ਗੁਟੇਰੇਜ਼ ਨੇ ਕਿਹਾ ਕਿ ਦੋਸ਼ੀਆਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਤੁਰਕੀ ਦਾ ਕਹਿਣਾ ਹੈ ਕਿ ਉਹ ਇਸ ਕਤਲ ਦੇ ਸਾਰੇ ਤੱਥ ਪੇਸ਼ ਕਰੇਗਾ। ਕੌਮਾਂਤਰੀ ਪੱਤਰਕਾਰ ਭਾਈਚਾਰੇ ਨੇ ਇਸ ਬਾਰੇ ਸਾਊਦੀ ਅਰਬ ਸਰਕਾਰ ਦੀ ਆਲੋਚਨਾ ਕੀਤੀ ਹੈ। ਪੱਤਰਕਾਰਾਂ ਦੀ ਜਥੇਬੰਦੀ 'ਰਿਪੋਰਟਰਜ਼ ਵਿਦਾਊਟ ਬੌਰਡਰਜ਼' ਨੇ ਕਿਹਾ ਹੈ ਕਿ ਸਾਊਦੀ ਅਰਬ ਨੂੰ ਇਸ ਕਤਲ ਅਤੇ ਹੋਰ ਪੱਤਰਕਾਰਾਂ ਨੂੰ ਬੰਦੀ ਬਣਾਉਣ ਦਾ ਜ਼ਿੰਮੇਵਾਰ ਕਰਾਰ ਦੇਣਾ ਚਾਹੀਦਾ। ਪੈਰਿਸ ਤੋਂ ਇਸ ਜਥੇਬੰਦੀ ਦੇ ਸਕੱਤਰ ਜਨਰਲ ਕ੍ਰਿਸਟੋਫ਼ਰ ਡੇਲੋਅਰ ਨੇ ਕਿਹਾ ਕਿ ਸਾਊਦੀ ਅਰਬ ਨੂੰ ਕਿਸੇ ਦੀ ਵੀ ਹੱਤਿਆ ਦੀ ਖੁੱਲ੍ਹ ਨਹੀਂ ਦਿੱਤੀ ਜਾ ਸਕਦੀ।

# ਚੀਨ ਤੋਂ ਆਜ਼ਾਦੀ ਦੀ ਮੰਗ ਲਈ ਤਾਈਵਾਨ ਦੇ ਲੋਕ ਸੜਕਾਂ ਉਤੇ ਉਤਰੇ

ਤਾਇਪੇ, 21 ਅਕਤੂਬਰ, (ਪੋਸਟ ਬਿਊਰੋ)- ਚੀਨ ਤੋਂ ਆਜ਼ਾਦੀ ਕਾਇਮ ਰੱਖਣ ਦੀ ਮੰਗ ਲਈ ਤਾਈਵਾਨ ਵਿੱਚ ਹਜ਼ਾਰਾਂ ਆਜ਼ਾਦੀ ਸਮਰਥਕ ਅੱਜ ਸ਼ਨੀਵਾਰ ਨੂੰ ਸੜਕਾਂ ਉੱਤੇ ਉਤਰ ਆਏ। ਇਸ ਟਾਪੂ ਉਤੇ ਚੀਨ ਵੱਲੋਂ ਲਗਾਤਾਰ ਦਬਾਅ ਵਧਾਏ ਜਾਣ ਅਤੇ ਰਾਸ਼ਟਰਪਤੀ ਤਸਾਈ ਇੰਗ ਵੇਨ ਵੱਲੋਂ ਬੀਜਿੰਗ ਅਤੇ ਆਜ਼ਾਦੀ ਸਮਰਥਕ ਗੁਟਾਂ ਦੋਵਾਂ ਧਿਰਾਂ ਨੂੰ ਖੁਸ਼ ਰੱਖਣ ਦੇ ਯਤਨਾਂ ਦੌਰਾਨ ਇਹ ਵਿਰੋਧ ਪ੍ਰਦਰਸ਼ਨ ਤਾਇਪੇ ਵਿੱਚ ਹੋਇਆ ਹੈ। ਅੱਜ ਦਾ ਇਹ ਪ੍ਰਦਰਸ਼ਨ ਪਿਛਲੇ 20 ਸਾਲਾਂ ਵਿੱਚ ਤਾਈਵਾਨ ਵਿੱਚ ਆਜ਼ਾਦੀ ਦੇ ਸਮਰਥਨ ਵਿੱਚ ਹੋਇਆ ਸਭ ਤੋਂ ਵੱਡਾ ਪ੍ਰਦਰਸ਼ਨ ਦੱਸਿਆ ਜਾ ਰਿਹਾ ਹੈ। ਰਾਸ਼ਟਰਪਤੀ ਨੇ ਰੈਲੀ ਤੋਂ ਬਾਅਦ ਚੀਨ ਨਾਲ ਸੰਬੰਧਾਂ 'ਤੇ ਗੱਲਬਾਤ ਕਾਇਮ ਰੱਖਣ ਦੀ ਗੱਲ ਕਹੀ ਹੈ।

ਅੱਜ ਏਥੇ ਫਾਰਮੋਸਾ ਅਲਾਇੰਸ ਦੀ ਅਗਵਾਈ ਵਿੱਚ ਲੋਕ ਸੱਤਾਧਾਰੀ ਡੈਮੋਕ੍ਰੇਟਿਕ ਪ੍ਰੋਗੈਸਿਵ ਪਾਰਟੀ (ਡੀ ਪੀ ਪੀ) ਦੇ ਦਫਤਰ ਮੂਹਰੇ ਇਕੱਠੇ ਹੋਏ। ਇਸ ਮੌਕੇ ਪ੍ਰਦਰਸ਼ਨਕਾਰੀ ਆਜ਼ਾਦੀ ਲਈ ਰਿਫਰੈਂਡਮ ਕਰਾਉਣ ਦੇ ਹੱਕ ਵਿੱਚ ਤੇ ਚੀਨ ਵੱਲੋਂ ਜ਼ਬਰਦਸਤੀ ਕਬਜ਼ੇ ਦੇ ਖਿਲਾਫ ਨਾਅਰੇ ਲਾ ਰਹੇ ਸਨ। ਫਾਰਮੋਸਾ ਅਲਾਇੰਸ ਨੂੰ ਆਜ਼ਾਦੀ ਸਮਰਥਕ ਤਾਈਵਾਨ ਦੇ 2 ਸਾਬਕਾ ਰਾਸ਼ਟਰਪਤੀਆਂ ਲੀ-ਥੇਂਗ ਹੁਈ ਅਤੇ ਚੇਨ ਸੁਈ ਬਿਆਨ ਦੀ ਹਮਾਇਤ ਵੀ ਹਾਸਲ ਹੈ। ਆਯੋਜਕਾਂ ਨੇ ਰੈਲੀ 'ਚ ਲਗਭਗ 80 ਹਜ਼ਾਰ ਲੋਕਾਂ ਦੇ ਸ਼ਾਮਲ ਹੋਣ ਦੀ ਗੱਲ ਕਹੀ ਹੈ।

ਸਾਲ 1949 ਵਿੱਚ ਗ੍ਰਹਿ ਯੁੱਧ ਦੀ ਸਮਾਪਤੀ ਤੋਂ ਬਾਅਦ ਤਾਈਵਾਨ ਨੂੰ ਵੀ ਚੀਨ ਆਪਣਾ ਇਕ ਰਾਜ ਹੀ ਮੰਨਦਾ ਰਿਹਾ ਹੈ। ਤਾਈਵਾਨ ਇਕ ਆਜ਼ਾਦ ਦੇਸ਼ ਹੋਣ ਦੇ ਨਾਲ ਉਸ ਦੀ ਆਪਣੀ ਕਰੰਸੀ, ਰਾਜਨੀਤਕ ਅਤੇ ਜੁਡੀਸ਼ਲ ਵਿਵਸਥਾ ਹੈ, ਪਰ ਉਸ ਨੂੰ ਰਸਮੀ ਤੌਰ ਤੋਂ ਆਜ਼ਾਦ ਦੇਸ਼ ਦਾ ਦਰਜਾ ਹਾਸਲ ਨਹੀਂ ਹੈ। ਆਜ਼ਾਦੀ ਵਾਸਤੇ ਹੁੰਦੇ ਰਹਿੰਦੇ ਅੰਦੋਲਨ 'ਚ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਦੇ ਸ਼ਾਮਲ ਨਾ ਹੋਣ ਉਤੇ ਸੱਤਾਧਾਰੀ ਡੀ ਪੀ ਪੀ ਦਾ ਰਵੱਈਆ ਵੀ ਹੈਰਾਨੀ ਵਾਲਾ ਹੈ। ਉਸ ਨੂੰ ਆਜ਼ਾਦੀ ਸਮੱਰਥਕ ਮੰਨਿਆ ਜਾਂਦਾ ਹੈ, ਪਰ ਇਸ ਪਾਰਟੀ ਨੇ ਰੈਲੀ 'ਚ ਆਪਣੇ ਆਗੂਆਂ ਅਤੇ ਨੇਤਾਵਾਂ ਨੂੰ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਦਿੱਤੀ। ਖਾਸ ਗੱਲ ਇਹ ਕਿ ਆਪਣੇ ਆਜ਼ਾਦੀ ਸਮੱਰਥਕ ਮੈਂਬਰਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖ ਕੇ ਇਸ ਪਾਰਟੀ ਨੇ ਚੀਨ ਦੇ ਕਬਜ਼ੇ ਦੇ ਖਿਲਾਫ ਵੱਖਰੀ ਰੈਲੀ ਆਯੋਜਿਤ ਕੀਤੀ ਸੀ।

# ਪੰਜਾਬ ਪੁਲਸ ਦਾ ਜਾਅਲੀ ਸਬ ਇੰਸਪੈਕਰ ਫੜਿਆ

ਐੱਸ ਏ ਐੱਸ ਨਗਰ (ਮੁਹਾਲੀ), 21 ਅਕਤੂਬਰ (ਪੋਸਟ ਬਿਊਰੋ)- ਇਸ ਜ਼ਿਲੇ ਦੇ ਸੋਹਾਣਾ ਥਾਣੇ ਦੀ ਪੁਲਸ ਨੇ ਪੰਜਾਬ ਪੁਲਸ ਦਾ ਜਾਅਲੀ ਸਬ ਇੰਸਪੈਕਟਰ ਬਣ ਕੇ ਲੋਕਾਂ ਨਾਲ ਠੱਗੀਆਂ ਮਾਰਨ ਵਾਲੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਉਸ ਦੀ ਪਛਾਣ ਰਣਜੀਤ ਸਿੰਘ ਪਿੰਡ ਸਠਿਆਲਾ (ਅੰਮ੍ਰਿਤਸਰ) ਵਜੋਂ ਹੋਈ ਹੈ।

ਇਸ ਸੰਬੰਧ ਵਿੱਚ ਸੋਹਾਣਾ ਥਾਣੇ ਦੇ ਐੱਸ ਐੱਚ ਓ ਤਰਲੋਚਨ ਸਿੰਘ ਨੇ ਦੱਸਿਆ ਕਿ ਦੋਸ਼ੀ ਰਣਜੀਤ ਸਿੰਘ ਅਤੇ ਉਸ ਦੇ ਦੋ ਸਾਥੀਆਂ ਸੁਖਪਾਲ ਸਿੰਘ ਅਤੇ ਕੁਲਦੀਪ ਸਿੰਘ ਦੇ ਖਿਲਾਫ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉਸ ਦੇ ਦੋ ਸਾਥੀ ਪੁਲਸ ਦੀ ਗ੍ਰਿਫਤ ਤੋਂ ਬਾਹਰ ਹਨ। ਇਹ ਕਾਰਵਾਈ ਠੱਗੀ ਦਾ ਸ਼ਿਕਾਰ ਹੋਏ ਰਾਜੀਵ ਅਰੋੜਾ ਵਾਸੀ ਇੰਦਰਾ ਵਿਕਾਸ ਕਲੋਨੀ, ਨਵੀਂ ਦਿੱਲੀ ਦੀ ਸ਼ਿਕਾਇਤ ਉਤੇ ਕੀਤੀ ਗਈ ਹੈ। ਥਾਣਾ ਮੁਖੀ ਨੇ ਦੱਸਿਆ ਕਿ ਰਣਜੀਤ ਸਿੰਘ ਆਪਣੇ ਫਰਾਰ ਸਾਥੀਆਂ ਨਾਲ ਮਿਲ ਕੇ ਉਚ ਅਧਿਕਾਰੀਆਂ ਦੇ ਨਾਂਅ ਉਤੇ ਲੋਕਾਂ ਨੂੰ ਡਰਾ ਕੇ ਪੈਸੇ ਮੰਗਦਾ ਸੀ। ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਰਣਜੀਤ ਸਿੰਘ ਦੇ ਖਿਲਾਫ ਜੰਮੂ ਕਸ਼ਮੀਰ, ਜ਼ੀਰਕਪੁਰ, ਤਰਨ ਤਾਰਨ ਅਤੇ ਨਵਾਂ ਸ਼ਹਿਰ ਦੇ ਥਾਣਿਆਂ ਵਿੱਚ ਚਾਰ ਅਪਰਾਧਕ ਕੇਸ ਦਰਜ ਹਨ।

# ਮੀਨਲ ਪਟੇਲ ਨੂੰ ਅਮਰੀਕਾ ਵਿੱਚ ਰਾਸ਼ਟਰਪਤੀ ਪੁਰਸਕਾਰ

ਹਿਊਸਟਨ, 21 ਅਕਤੂਬਰ (ਪੋਸਟ ਬਿਊਰੋ)- ਮਨੁੱਖੀ ਤਸਕਰੀ ਰੋਕਣ ਲਈ ਬਿਹਤਰੀਨ ਕੰਮ ਲਈ ਭਾਰਤੀ ਅਮਰੀਕੀ ਮਹਿਲਾ ਮੀਨਲ ਪਟੇਲ ਨੂੰ ਰਾਸ਼ਟਰਪਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਹਿਊਸਟਨ ਦੇ ਮੇਅਰ ਸਿਲਵੈਸਟਰ ਟਰਨਰ ਦੀ ਵਿਸ਼ੇਸ਼ ਸਲਾਹਕਾਰ ਮੀਨਲ ਪਟੇਲ ਨੂੰ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ 'ਪ੍ਰੈਜ਼ੀਡੈਂਸ਼ੀਅਲ ਮੈਡਲ ਫਾਰ ਕਾਮਬੈਟਿੰਗ ਹਿਊਮਨ ਟ੍ਰੈਫਿਕਿੰਗ' ਐਵਾਰਡ ਨਾਲ ਸਨਮਾਨਿਤ ਕੀਤਾ ਹੈ। ਪਿਛਲੇ ਹਫਤੇ ਹੋਏ ਪੁਰਸਕਾਰ ਸਮਾਰੋਹ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਵੀ ਮੌਜੂਦ ਸਨ। ਇਸ ਖੇਤਰ 'ਚ ਦੇਸ਼ ਦਾ ਸਰਬੋਤਮ ਪੁਰਸਕਾਰ ਹਾਸਲ ਕਰਨ 'ਤੇ ਉਤਸ਼ਾਹਿਤ ਪਟੇਲ ਨੇ ਕਿਹਾ, 'ਇਹ ਹੈਰਾਨ ਕਰਨ ਵਾਲਾ ਸੀ। ਮੇਰੇ ਮਾਤਾ ਪਿਤਾ ਭਾਰਤ ਤੋਂ ਆਏ ਸਨ। ਮੈਂ ਅਮਰੀਕਾ 'ਚ ਪੈਦਾ ਹੋਣ ਵਾਲੀ, ਮੇਅਰ ਨਾਲ ਕੰਮ ਕਰਨ ਵਾਲੀ ਤੇ ਫਿਰ ਵ੍ਹਾਈਟ ਹਾਊਸ 'ਚ ਪੁਰਸਕਾਰ ਹਾਸਲ ਕਰਨ ਵਾਲੀ ਆਪਣੇ ਪਰਵਾਰ ਦੀ ਪਹਿਲੀ ਮੈਂਬਰ ਹਾਂ।' ਨਿਊਯਾਰਕ ਯੂਨੀਵਰਸਿਟੀ ਤੋਂ ਗ੍ਰੇਜੂਏਸ਼ਨ ਤੋਂ ਬਾਅਦ ਪਟੇਲ ਨੇ ਕਨੈਕਟਿਕਟ ਯੂਨੀਵਰਸਿਟੀ ਤੋਂ ਐਮ ਬੀ ਏ ਕੀਤੀ ਸੀ। ਸਾਲ 2015 'ਚ ਉਹ ਮੇਅਰ ਦਫਤਰ 'ਚ ਵਿਸ਼ੇਸ਼ ਸਲਾਹਕਾਰ ਦੇ ਅਹੁਦੇ 'ਤੇ ਨਿਯੁਕਤ ਹੋਈ ਸੀ। ਉਨ੍ਹਾਂ ਉਥੇ ਦੇਸ਼ ਦੇ ਚੌਥੇ ਵੱਡੇ ਸ਼ਹਿਰ 'ਚੋਂ ਮਾਨਵ ਤਸਕਰੀ ਖਤਮ ਕਰਨ ਲਈ ਸ਼ਾਨਦਾਰ ਕੰਮ ਕੀਤਾ। ਉਹ ਟਰਨਰ ਦੇ 'ਐਂਟੀ ਹਿਊਮਨ ਟ੍ਰੈਫਿਕਿੰਗ ਪਲਾਨ' ਦੇ ਸੰਚਾਲਣ ਉਤੇ ਕੰਮ ਕਰ ਰਹੀ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ

647-998-7500 ਬਲਵਿੰਦਰ

**WAREHOUSE ORDER PICKER/SHIPPER/RECIEVER (PART TIME/FULL TIME)**
(For a Food distribution company)

**Job Description:**
- Order picking and packing as well as stocking up of shelves.
- Contribute to daily inbound or outbound warehouse operations.
- Palletize and wrap skids, Organize warehouse space, Pick and load orders quickly and accurately and other duties as required.

**Requirements:**
- Experience of 2-3 yrs. in food wholesale/distribution warehouse
- Capable of lifting up to 50lbs.
- Able to speak English
- Shift time from 3pm to 11pm on week days
- Hourly rate of $16 to $17 depending upon experience

**Please send your resumes** by email at siva@srimi.com or by fax at +1 647-351-7157 or call Ram at +1 647-831-9149 (Morning) or Siva at +1 416-666-8525 (Evening).

# ਸੰਪਾਦਕੀ

## ਵੋਟਾਂ ਦਾ ਦਿਨ – ਫਰਜ਼ ਨਿਭਾਉਣ ਦਾ ਦਿਨ

ਅੱਜ ਮਿਉਂਸੀਪਲ ਚੋਣਾਂ ਦਾ ਦਿਨ ਹੈ। ਚਾਰ ਸਾਲਾਂ ਬਾਅਦ ਆਉਣ ਵਾਲਾ ਅਵਸਰ ਜਦੋਂ ਅਸੀਂ ਸਥਾਨਕ ਸਰਕਾਰ ਦੇ ਨੁਮਾਇੰਦਿਆਂ ਦੀ ਚੋਣ ਕਰਦੇ ਹਾਂ। ਤੁਸੀਂ ਕਿਸ ਸ਼ਹਿਰ ਵਿੱਚ ਵੱਸਦੇ ਹੋ, ਕਿਸ ਸਿਆਸੀ ਜਮਾਤ, ਧਰਮ ਜਾਂ ਖਿੱਤੇ ਨਾਲ ਸਬੰਧਿਤ ਹੋ, ਇਹ ਗੱਲਾਂ ਇਸ ਤੱਥ ਨੂੰ ਖੁੰਢਾ ਨਹੀਂ ਕਰਦੀਆਂ ਕਿ ਸੱਭਨਾਂ ਨੂੰ ਜੁੰਮੇਵਾਰ ਸਥਾਨਕ ਸਰਕਾਰ ਦੀ ਲੋੜ ਹੈ। ਸਾਡੀ ਕਮਾਈ ਵਿੱਚੋਂ ਭਰੇ ਗਏ ਟੈਕਸ ਜੁੰਮੇਵਾਰੀ ਨਾਲ ਵਰਤੇ ਜਾਣ, ਸਿਹਤ ਸੇਵਾਵਾਂ ਚੰਗੀਆਂ ਹੋਣ, ਆਲਾ ਦੁਆਲਾ ਸਾਫ਼ ਰਹੇ, ਬਰਫ਼ ਦੀ ਸਫ਼ਾਈ ਸਮੇਂ ਸਿਰ ਹੋਵੇ, ਸੜਕਾਂ ਤੰਦਰੁਸਤ ਹੋਣ, ਦਿਲ ਪਰਵਾਚੇ ਲਈ ਢੁੱਕਵੀਆਂ ਸਹੂਲਤਾਂ ਹੋਣ ਅਤੇ ਕਮਿਉਨਿਟੀ ਮਹਿਫੂਜ਼ ਹੋਵੇ ਅਤੇ ਬੱਚਿਆਂ ਲਈ ਚੰਗੀ ਵਿੱਦਿਆ ਦਾ ਇੰਤਜ਼ਾਮ ਹੋਵੇ, ਇਹਨਾਂ ਕਿੰਨੀਆਂ ਸਾਰੀਆਂ ਗੱਲਾਂ ਦਾ ਰੰਗ ਰੂਪ ਮਿਉਂਸੀਪਲ ਚੋਣਾਂ ਦੇ ਸਿੱਟੇ ਨਾਲ ਸਿੱਧੇ ਰੂਪ ਵਿੱਚ ਜੁੜਿਆ ਹੋਇਆ ਹੈ।

ਸਥਾਨਕ ਸਰਕਾਰ ਸਾਡੇ ਜਿਸਮਾਂ, ਮਨਾਂ ਅਤੇ ਦਿਲਾਂ ਦਿਮਾਗਾਂ ਨੂੰ ਪ੍ਰਭਾਵਿਤ ਕਰਦੀ ਹੈ ਕਿਉਂਕਿ ਇਸਦੇ ਕਾਰਜ ਸ਼ਹਿਰ/ਕਸਬੇ ਵਿੱਚ ਵੱਸਣ ਵਾਲੇ ਵਿਅਕਤੀਆਂ ਦੇ ਜੀਵਨ ਦੇ ਹਰ ਮਹਰਲੇ ਨੂੰ ਛੋਹਦੇਂ ਹਨ। ਪਰਵਾਸੀ ਭਾਈਚਾਰਿਆਂ ਵਿੱਚ ਨੇਤਾਵਾਂ ਪਿੱਛੇ ਲੱਗ ਤੁਰਨ ਅਤੇ ਫੋਟੋਆਂ ਖਿਚਵਾਉਣ ਦਾ ਜੋਸ਼ ਤਾਂ ਬਹੁਤ ਪਾਇਆ ਜਾਂਦਾ ਹੈ ਪਰ ਵੋਟ ਪਾਉਣ ਵੇਲੇ ਸੁਸਤੀ ਕਰ ਜਾਂਦੇ ਹਾਂ। ਜੇਕਰ ਅਸੀਂ ਸੋਚਦੇ ਹਾਂ ਕਿ ਸਾਡੇ ਸ਼ਹਿਰ ਕਸਬੇ ਨੂੰ ਬਿਹਤਰ ਲੀਡਰਸ਼ਿੱਪ ਮਿਲੇ ਤਾਂ ਵੋਟ ਨਾ ਪਾਉਣ ਦੀ ਸੁਸਤੀ ਛੱਡਣ ਵਿੱਚ ਭਲਾ ਹੈ। ਕੱਲ ਸਵੇਰੇ 10 ਵਜੇ ਤੋਂ ਆਰੰਭ ਹੋ ਕੇ ਸ਼ਾਮ 8 ਵਜੇ ਚੋਣ ਸੰਗਰਾਮ ਸਮਾਪਤ ਹੋ ਜਾਵੇਗਾ।

ਵੋਟ ਪਾਉਣਾ ਇਸ ਲਈ ਵੀ ਜਰੂਰੀ ਹੈ ਕਿਉਂਕਿ ਵੋਟ ਪਾਉਣ ਦਾ ਅਧਿਕਾਰ ਹਾਸਲ ਕਰਨ ਲਈ ਸਾਡੇ ਵੱਡੇ ਵਡੇਰਿਆਂ ਨੇ ਕੈਨੇਡਾ ਵਿੱਚ ਬਹੁਤ ਮੁਸ਼ਕਲਾਂ ਝਾਗੀਆਂ। ਨਵੀਂ 2 ਸਿਟੀਜ਼ਨਸ਼ਿੱਪ ਹਾਸਲ ਕਰਨ ਵਾਲੇ ਭਾਰਤੀ ਮੂਲ ਦੇ ਵੱਡੀ ਗਿਣਤੀ ਵਿੱਚ ਪਰਵਾਸੀਆਂ ਅਤੇ ਨਵੀਂ ਪੀੜੀ ਦੇ ਇੰਡੋ ਕੈਨੇਡੀਅਨ ਪਰਿਵਾਰਾਂ ਦੇ ਬੱਚਿਆਂ ਨੂੰ ਘੱਟ ਹੀ ਪਤਾ ਹੋਵੇਗਾ ਕਿ ਸਾਡੇ ਵਡੇਰਿਆਂ ਨੂੰ ਵੋਟ ਪਾਉਣ ਦਾ ਅਧਿਕਾਰ ਹਾਸਲ ਕਰਨ ਲਈ ਕਿਹੋ ਜਿਹੀ ਮੁਹਿੰਮ ਚਲਾਉਣੀ ਪਈ ਸੀ। ਬੇਸ਼ੱਕ ਅੱਜ ਆਪੋ ਆਪਣੀ ਕਮਿਉਨਿਟੀ ਦੇ ਉਮੀਦਵਾਰਾਂ ਨੂੰ ਵੋਟ ਪਾਉਣ ਦੀ ਮਾੜੀ ਮਾਰ ਵਗੀ ਹੋਈ ਹੈ ਪਰ ਭਾਰਤੀ ਮੂਲ ਦੇ ਕੈਨੇਡੀਅਨਾਂ ਲਈ ਵੋਟ ਲੈਣ ਵਾਸਤੇ ਪੰਜਾਬੀਆਂ, ਸਿੱਖ ਗੁਰਦੁਆਰੇ/ਸੰਸਥਾਵਾਂ (ਖਾਸ ਕਰਕੇ ਖਾਲਸਾ ਦਿਵਾਨ ਸੁਸਾਇਟੀ ਵੈਨਕੂਵਰ) ਦਾ ਵੱਡਾ ਯੋਗਦਾਨ ਰਿਹਾ ਹੈ। ਦਿਲਚਸਪ ਗੱਲ ਇਹ ਵੀ ਸੀ ਕਿ ਵੋਟ ਪਾਉਣ ਦਾ ਹੱਕ ਲੈਣ ਵਾਸਤੇ ਅਦਾਲਤੀ ਕੇਸ ਲੜਨ ਲਈ ਖਾਲਸਾ ਦਿਵਾਨ ਦੀ ਨੁਮਾਇੰਦਿਗੀ ਕਰਨ ਵਾਲਾ ਵਕੀਲ ਡੀ ਪੀ ਪਾਂਡੀਆ ਨਾਮਕ ਤਾਮਿਲ ਹਿੰਦੂ ਸੀ।

ਭਾਰਤੀਆਂ ਅਤੇ ਚੀਨੀਆਂ ਨੂੰ ਵੋਟ ਪਾਉਣ ਦਾ ਅਧਿਕਾਰ 1947 ਵਿੱਚ ਮਿਲਿਆ ਅਤੇ ਜਪਾਨੀਆਂ ਨੂੰ 1948 ਵਿੱਚ। ਦੁੱਖ ਦੀ ਗੱਲ ਇਹ ਕਿ ਜਿਹਨਾਂ ਲੋਕਾਂ ਦੀ ਇਹ ਧਰਤੀ ਹੈ, ਜੋ ਇਸ ਧਰਤੀ ਦੇ ਜੰਮੇ ਜਾਏ ਹਨ, ਉਹਨਾਂ ਮੂਲਵਾਸੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਕਿਤੇ 1960 ਵਿੱਚ ਜਾ ਕੇ ਮਿਲਿਆ। ਸਾਰੇ ਕੈਨੇਡੀਅਨ ਸਿਟੀਜ਼ਨਾਂ ਨੂੰ ਬਿਨਾ ਭੇਦ ਭਾਵ ਤੋਂ ਵੋਟ ਪਾਉਣ ਦਾ ਅਧਿਕਾਰ ਮਿਲੇ, ਇਸ ਗੱਲ ਦਾ 1982 ਤੱਕ ਚਾਰਟਰ ਦੇ ਲਾਗੂ ਹੋਣ ਤੱਕ ਇੰਤਜ਼ਾਰ ਕਰਨਾ ਪਿਆ।

ਭਾਂਤ ਸੁਭਾਂਤ ਦੇ ਉਮੀਦਵਾਰ ਮੇਅਰ, ਰੀਜਨਲ ਕਾਉਂਸਲ, ਸਿਟੀ ਕਾਉਂਸਲਰ ਜਾਂ ਸਕੂਲ ਟਰੱਸਟੀ ਬਣਨ ਲਈ ਚੋਣ ਮੈਦਾਨ ਵਿੱਚ ਉੱਤਰੇ ਹੋਏ ਹਨ। ਕਈ ਉਮੀਦਵਾਰ ਆਪੋ ਆਪਣੇ ਧਰਮ ਜਾਂ ਜਾਤ ਨੂੰ ਸਾਹਮਣੇ ਰੱਖ ਕੇ ਵੋਟਾਂ ਰਹੇ ਹਨ, ਕਈ ਹੋਰ ਧਰਮਾਂ ਦੇ ਕਾਰਜਪ੍ਰਣਾਲੀ ਨੂੰ ਚੁਣੌਤੀ ਦੇਣ ਦੇ ਇਰਾਦੇ ਨਾਲ ਚੋਣ ਲੜ ਰਹੇ ਹਨ (Religion Out of Public Schools) ਮੁਹਿੰਮ ਨਾਲ ਜੁੜੇ ਉਮੀਦਵਾਰ ਇਸ ਸ਼੍ਰੈਣੀ ਨਾਲ ਸਬੰਧਿਤ ਆਖੇ ਜਾ ਸਕਦੇ ਹਨ) ਅਤੇ ਕਈ ਵੋਟਰਾਂ ਦੇ ਪਿਛੋਕੜ ਦੇਸ਼ ਦੀ ਗੱਲਬਾਤ (ਮਿਸਾਲ ਵਜੋਂ ਭਾਰਤ) ਨੂੰ ਵੋਟ ਆਧਾਰ ਬਣਾ ਕੇ ਜਿੱਤਣ ਦੀ ਆਸ ਵਿੱਚ ਘੁੰਮ ਰਹੇ ਹਨ। ਕੋਈ ਫਰਕ ਨਹੀਂ ਪੈਂਦਾ ਕਿਸਨੂੰ ਕਿਹੋ ਜਿਹਾ ਉਮੀਦਵਾਰ ਪਸੰਦ ਹੈ, ਕੋਈ ਕਿਸਨੂੰ ਵੋਟ ਪਾਉਂਦਾ ਹੈ। ਮੁੱਦਾ ਸਿਰਫ਼ ਹੈ ਕੋ ਵੋਟ ਪਾਈ ਜਰੂਰ ਜਾਵੇ। ਲੋਕਤੰਤਰ ਦਾ ਸਿਧਾਂਤ ਵੋਟ ਦੇ ਅਧਿਕਾਰ ਦੀ ਵਰਤੋਂ ਨੂੰ ਮਹੱਤਤਾ ਦੇਂਦਾ ਹੈ ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਉਮੀਦਵਾਰ ਨੂੰ।

ਜੇ ਤੁਸੀਂ ਕੈਨੇਡੀਅਨ ਸਿਟੀਜ਼ਨ ਹੋ, ਘੱਟ ਘੱਟ 18 ਸਾਲ ਦੇ ਹੋ ਅਤੇ ਵੋਟ ਪਾਉਣ ਵਾਲੇ ਸ਼ਹਿਰ ਦੇ ਵਸਨੀਕ ਹੋ ਜਾਂ ਉਸ ਸ਼ਹਿਰ ਵਿੱਚ ਜੌਬ ਕਰਦੇ ਹੋ ਜਾਂ ਉੱਥੇ ਮਕਾਨ ਕਿਰਾਏ ਉੱਤੇ ਲਿਆ ਹੈ, ਤੁਸੀਂ ਵੋਟ ਪਾ ਸਕਦੇ ਹੋ। ਉਂਟੇਰੀਓ ਇਲੈਕਸ਼ਨ ਐਕਟ ਅਨੁਸਾਰ ਇੰਪਲਾਇਰਾਂ ਲਈ ਕਨੂੰਨੀ ਰੂਪ ਵਿੱਚ ਲਾਜ਼ਮੀ ਹੈ ਕਿ ਉਹ ਆਪਣੇ ਮੁਲਾਜ਼ਮਾਂ ਨੂੰ ਵੋਟ ਪਾਉਣ ਲਈ ਤੁਹਾਨੂੰ ਤਿੰਨ ਘੰਟੇ ਦੀ ਛੁੱਟੀ ਦੇਣ। ਅਜਿਹਾ ਕਰਨ ਤੋਂ ਮਨਾਹੀ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਵੋਟ ਪਾਉਣ ਲਈ ਬਿਤਾਏ ਗਏ ਸਮੇਂ ਦੀ ਤਨਖਾਹ ਕੱਟੀ ਜਾ ਸਕਦੀ ਹੈ। ਜੇ ਕੋਈ ਇੰਪਲਾਇਰ ਅਜਿਹਾ ਕਰਦਾ ਹੈ ਤਾਂ ਉਸਨੂੰ 5500 ਡਾਲਰ ਜੁਰਮਾਨਾ ਹੋ ਸਕਦਾ ਹੈ। ਅਜਿਹੇ ਕਨੂੰਨ ਦੱਸਦੇ ਹਨ ਕਿ ਵੋਟ ਪਾਉਣ ਦੇ ਅਧਿਕਾਰ ਦੀ ਕਿੰਨੀ ਮਹੱਤਤਾ ਹੈ ਜਿਸਦਾ ਇਸਤੇਮਾਲ ਕਰਨਾ ਫਰਜ਼ ਬਣਦਾ ਹੈ।

## ਬਿਨਾਂ ਆਈ ਕਾਰਡ ਤੋਂ ਕਮਰਾ ਦੇਣ ਵਾਲਾ ਗੈਸਟ ਹਾਊਸ ਮਾਲਕ ਗ੍ਰਿਫਤਾਰ

ਜਲੰਧਰ, 21 ਅਕਤੂਬਰ (ਪੋਸਟ ਬਿਊਰੋ)- ਥਾਣਾ ਨੰਬਰ ਛੇ ਦੀ ਚੌਕੀ ਬੱਸ ਸਟੈਂਡ ਦੀ ਪੁਲਸ ਨੇ ਬੱਸ ਸਟੈਂਡ ਸਾਹਮਣੇ ਪੈਂਦੇ ਇਕ ਗੈਸਟ ਹਾਊਸ ਦੇ ਮਾਲਕ ਨੂੰ ਡੀ ਸੀ ਪੀ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ, ਜਦ ਕਿ ਗੈਸਟ ਹਾਊਸ ਦੇ ਮੈਨੇਜਰ ਅਤੇ ਸਹਾਇਕ ਨੂੰ ਵੀ ਮਾਮਲੇ 'ਚ ਨਾਮਜ਼ਦ ਕੀਤਾ ਗਿਆ ਹੈ।



ਥਾਣਾ ਡਵੀਜ਼ਨ ਨੰਬਰ 6 ਦੇ ਮੁਖੀ ਇੰਸਪੈਕਟਰ ਓਂਕਾਰ ਸਿੰਘ ਬਰਾੜ ਨੇ ਦੱਸਿਆ ਕਿ ਚੌਕੀ ਬੱਸ ਸਟੈਂਡ ਦੇ ਏ ਐਸ ਆਈ ਭੁਪਿੰਦਰ ਸਿੰਘ ਨੂੰ ਸੂਚਨਾ ਮਿਲੀ ਸੀ ਕਿ 13 ਅਕਤੂਬਰ ਨੂੰ ਡੀ ਸੀ ਪੀ, ਪੀ ਐਸ ਪਰਮਾਰ ਨੇ ਭਾਵੇਂ ਹੁਕਮ ਜਾਰੀ ਕੀਤੇ ਸਨ ਕਿ ਕੋਈ ਵੀ ਹੋਟਲ ਜਾਂ ਗੈਸਟ ਹਾਊਸ ਵਾਲਾ ਕਿਸੇ ਵਿਅਕਤੀ ਨੂੰ ਆਪਣੇ ਹੋਟਲ ਅਤੇ ਗੈਸਟ ਹਾਊਸ ਵਿੱਚ ਪਛਾਣ ਪੱਤਰ ਦੇ ਬਿਨਾਂ ਕਮਰਾ ਨਹੀਂ ਦੇਵੇਗਾ ਅਤੇ ਆਪਣੇ ਗੈਸਟ ਹਾਊਸ ਤੇ ਹੋਟਲ ਵਿੱਚ ਸੀ ਸੀ ਟੀ ਵੀ ਕੈਮਰੇ ਵੀ ਹਰ ਕੋਈ ਲਗਵਾਏਗਾ, ਪਰ ਬੱਸ ਸਟੈਂਡ ਦੇ ਸਾਹਮਣੇ ਜੈ ਅੰਬੇ ਪਲਾਜ਼ਾ ਗੈਸਟ ਹਾਊਸ ਵਿੱਚ ਨਾ ਹਾਲੇ ਸੀ ਸੀ ਟੀ ਵੀ ਕੈਮਰੇ ਲੱਗੇ ਹੋਏ ਹਨ ਤੇ ਨਾ ਉਹ ਲੋਕਾਂ ਕੋਲੋਂ ਪਛਾਣ ਪੱਤਰ ਲੈ ਕੇ ਕਮਰੇ ਦਿੰਦੇ ਹਨ। ਇਸ ਉੱਤੇ ਉਤੇ ਏ ਐਸ ਆਈ ਭੁਪਿੰਦਰ ਸਿੰਘ ਨੇ ਜੈ ਅੰਬੇ ਪਲਾਜ਼ਾ ਗੈਸਟ ਹਾਊਸ ਵਿੱਚ ਛਾਪੇਮਾਰੀ ਕੀਤੀ ਤਾਂ ਇਸ ਗੈਸਟ ਹਾਊਸ ਵਿੱਚ ਸੀ ਸੀ ਟੀ ਵੀ ਕੈਮਰੇ ਨਹੀਂ ਲੱਗੇ ਹੋਏ ਸਨ ਤੇ ਜਾਂਚ ਕਰਨ ਉਤੇ ਇਹ ਵੀ ਪਤਾ ਲੱਗਾ ਕਿ ਜਿਹੜਾ ਵਿਅਕਤੀ ਗੈਸਟ ਹਾਊਸ ਦੇ ਕਮਰੇ ਵਿੱਚ ਠਹਿਰਿਆ ਹੋਇਆ ਹੈ, ਉਸ ਦਾ ਕੋਈ ਪਛਾਣ ਪੱਤਰ ਗੈਸਟ ਹਾਊਸ ਵਾਲਿਆਂ ਨੇ ਨਹੀਂ ਲਿਆ। ਇਸ ਉੱਤੇ ਪੁਲਸ ਨੇ ਗੈਸਟ ਹਾਊਸ ਦੇ ਮਾਲਕ ਦਰਸ਼ਨ ਲਾਲ ਵਾਸੀ ਮਾਡਲ ਹਾਊਸ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਨੇ ਮਾਲਕ ਦੇ ਨਾਲ-ਨਾਲ ਗੈਸਟ ਹਾਊਸ ਦੇ ਮੈਨੇਜਰ ਤੇ ਸਹਾਇਕ ਖਿਲਾਫ ਵੀ ਮਾਮਲਾ ਦਰਜ ਕਰ ਦਿੱਤਾ ਹੈ।

## 'ਅਸੀਂ ਲਿੰਡਾ ਦੇ ਨਾਲ ਹਾਂ'

...ਪੰਨਾ 1 ਦਾ ਬਾਕੀ

ਸਾਬਕਾ ਐਮਪੀ ਗੁਰਬਖਸ਼ ਮੱਲ੍ਹੀ ਵਲੋਂ ਪੈਟ੍ਰਿਕ ਬ੍ਰਾਊਨ ਦੀ ਹਿਮਾਇਤ ਕੀਤੇ ਜਾਣ ਤੋਂ ਬਾਅਦ ਕੁੱਝ ਸਿੱਖ ਸੰਸਥਾਵਾਂ ਨੇ ਇਤਰਾਜ਼ ਜਤਾਉਦਿਆਂ ਕਿਹਾ ਹੈ ਕਿ ਜਿਹੜੇ ਲੋਕ ਜੈਨੋਸਾਈਡ ਦਾ ਮੋਸ਼ਨ ਲਿਆਉਣ ਕਰਕੇ ਹਰਿੰਦਰ ਮੱਲ੍ਹੀ ਦਾ ਵਿਰੋਧ ਕਰ ਰਹੇ ਸਨ, ਅੱਜ ਗੁਰਬਖਸ਼ ਮੱਲ੍ਹੀ ਉਨ੍ਹਾਂ ਨਾਲ ਜਾ ਖੜ੍ਹਿਆ ਹੈ ਤੇ ਜਿਹੜੇ ਲੋਕ ਹਰਿੰਦਰ ਮੱਲ੍ਹੀ ਦੀ ਹਿਮਾਇਤ ਕਰਦੇ ਸਨ, ਉਹ ਲਿੰਡਾ ਜਾਫਰੀ ਨਾਲ ਖੜ੍ਹੇ ਹਨ। ਭਾਵੇਂ ਮੁੱਖ ਧਾਰਾ ਦਾ ਮੀਡੀਆ ਕਹਿੰਦਾ ਹੈ ਕਿ ਪੈਟ੍ਰਿਕ ਬ੍ਰਾਊਨ ਦੀ ਗ੍ਰਾਊਂਡ ਗੇਮ ਕਾਫ਼ੀ ਮਜਬੂਤ ਹੈ, ਪਰ ਸਥਾਨਕ ਲੋਕਾਂ ਵਲੋਂ ਰੱਖੇ ਪ੍ਰੋਗਰਾਮਾਂ ਉਤੇ ਨਜ਼ਰ ਮਾਰੀਏ ਤਾਂ ਲਿੰਡਾ ਜਾਫਰੀ ਦੀ ਹਰ ਰੈਲੀ ਨੂੰ ਵੱਡਾ ਹੁੰਗਾਰਾ ਮਿਲਿਆ ਹੈ। ਅੱਜ ਫੈਸਲਾ ਵੋਟਰਾਂ ਹੱਥ ਹੈ, ਉਨ੍ਹਾਂ ਹੀ ਫੈਸਲਾ ਕਰਨਾ ਹੈ ਕਿ ਇਸ ਸ਼ਹਿਰ ਦੀ ਵਾਂਗਡੋਰ ਫੇਰ ਲਿੰਡਾ ਜਾਫਰੀ ਨੂੰ ਸੌਂਪਣੀ ਹੈ ਜਾਂ ਐਨ ਆਖਰੀ ਮੌਕੇ ਬਰੈਪਟਨ ਦਾ ਵਸਨੀਕ ਬਣ ਕੇ ਮੈਦਾਨ ਵਿਚ ਕੁੱਦਣ ਵਾਲੇ ਪੈਟ੍ਰਿਕ ਬ੍ਰਾਊਨ ਨੂੰ। ਜਿਥੇ ਮੇਅਰ ਦੀ ਚੋਣ ਦਿਲਚਸਪ ਹੈ, ਉਥੇ ਹੀ ਵਾਰਡ 9 ਤੇ 10 ਤੋਂ ਗੁਰਪ੍ਰੀਤ ਢਿੱਲੋਂ, ਹਰਕੀਰਤ ਸਿੰਘ, ਵਾਰਡ 3 ਤੇ 4 ਤੋਂ ਹਰਪ੍ਰੀਤ ਹੰਸਰਾ, ਵਾਰਡ 2 ਤੇ 6 ਤੋਂ ਗੁਰਪ੍ਰੀਤ ਬੈਂਸ, ਵਾਰਡ 7 ਤੇ 8 ਤੋਂ ਫਸਵਾਂ ਮੁਕਾਬਲਾ ਰਹੇਗਾ ਮਾਰਟਨ ਸਿੰਘ ਤੇ ਹਰਵੀਨ ਧਾਲੀਵਾਲ ਦਾ। ਕੁਲ ਮਿਲਾ ਕੇ ਇਸ ਵਾਰ ਬਰੈਂਪਟਨ ਦੀ ਕੌਂਸਲ ਪਹਿਲਾਂ ਨਾਲੋਂ ਕਾਫ਼ੀ ਵਿਭਿੰਨ ਹੋਵੇਗੀ, ਕਿਉਕਿ ਰਵੀਨਾ ਸੰਤੋਸ਼ ਤੇ ਪਾਲ ਵਸੈਟੀ ਦੇ ਜਿੱਤਣ ਦੇ ਵੀ ਪੂਰੇ ਆਸਾਰ ਹਨ।

## ਲਿੰਡਾ ਜੈੱਫਰੀ ਬਰੈਂਪਟਨ-ਮੇਅਰ ਲਈ ਹੋਰ ਚਾਰ ਸਾਲ ਦੀ ਹੱਕਦਾਰ

RE-ELECT LINDA JEFFREY
TOGETHER WE CAN DO MORE



ਲਿੰਡਾ ਜੈੱਫਰੀ 2014 ਵਿੱਚ ਜਦੋਂ ਬਰੈਂਪਟਨ ਦੀ ਮੇਅਰ ਚੁਣੀ ਗਈ ਸੀ ਉਸਨੂੰ ਸਿਟੀ ਦਫਤਰ ਵਿੱਚ ਹਰ ਪਾਸੇ ਹੀ ਗੰਧਲ-ਚੌਦੇਂ (ਗੜਬੜ) ਪਈ ਹੋਈ ਮਿਲੀ ਸੀ। ਭਾਵੇਂ ਕਿ ਉਹ ਸਾਰੀਆਂ ਸਮੱਸਿਆਵਾਂ ਹੱਲ ਤਾਂ ਨਹੀਂ ਕਰ ਸਕੀ ਫਿਰ ਵੀ ਉਸਨੇ ਇਤਨਾ ਕਾਫੀ ਸੁਧਾਰ ਤਾਂ ਕਰ ਹੀ ਦਿੱਤਾ ਕਿ ਉਹ ਸੋਮਵਾਰ ਨੂੰ ਪੈਣ ਵਾਲੀਆਂ ਵੋਟਾਂ ਵਿੱਚ ਵੋਟਰਾਂ ਵੱਲੋਂ ਅਗਲੇ ਚਾਰ ਸਾਲ ਦੀ ਮਿਆਦ ਦੀ ਹੋਰ ਪੂਰੀ ਹੱਕਦਾਰ ਬਣ ਗਈ ਹੈ। ਪਹਿਲੀ ਮੇਅਰ ਸੂਜਨ ਫੈਨਲ ਦੇ ਕਈ ਸਾਲਾਂ ਦੀ ਮਿਆਦ ਸਮੇਂ ਅੰਦਰ ਬਰੈਂਪਟਨ ਦੇ ਖ਼ਜ਼ਾਨੇ ਵਿੱਚ ਬੇਦਰਦੀ ਨਾਲ਼ ਕੀਤੇ ਖਰਚੇ ਅਤੇ ਹੋਏ ਕੁਪ੍ਰਬੰਧ ਨੂੰ ਸਿੱਧੇ ਰਾਹ ਤੇ ਲਿਆਉਣ ਲਈ ਜੈੱਫਰੀ ਨੇ ਬਾਹਰਲੇ ਐਡੀਟਰਾਂ ਤੋਂ ਚੈਕਿੰਗ ਕਰਵਾਈ। ਉਸਨੇ ਸੀਨੀਅਰ ਸਟਾਫ ਵਿੱਚ ਕਟੌਤੀ ਕੀਤੀ, ਆਪਣੀ ਤਨਖਾਹ ਵੀ ਘਟਾਈ, ਅਤੇ ਸਿਟੀ ਦੀ ਕਰੈਡਿਟ ਰੇਟਿੰਗ ਨੂੰ ਉੱਪਰ ਲੈ ਜਾ ਕੇ ਉਸਦਾ ਮਾਣ ਵਧਾਇਆ। ਇਸਦੇ ਨਾਲ਼-ਨਾਲ਼ ਬਰੈਂਪਟਨ ਦੇ, ਜਿਹੜੇ ਕਿ 70 ਪ੍ਰਤੀ ਸੈਂਕੜਾ ਦਿੱਸਣ ਵਾਲੀਆਂ ਘੱਟ ਗਿਣਤੀਆਂ ਵਾਲ਼ੇ ਲੋਕ ਹਨ, ਜੈੱਫਰੀ ਨੇ ਸਿਰਤੋੜ ਯਤਨ ਕਰਕੇ ਸਿਟੀ ਹਾਲ ਅਤੇ ਪੀਲ ਪੁਲੀਸ ਨੂੰ, ਲੋਕਾਂ ਦੇ ਵੱਧ ਅਨੁਕੂਲ ਅਤੇ ਉਨ੍ਹਾਂ ਲਈ ਹੋਰ ਵੱਧ ਫਿਕਰਮੰਦ ਬਣਾਇਆ। ਇਹ ਸਾਰਾ ਕੁੱਝ ਹੀ ਹਾਂ ਪੱਖੀ ਹੈ ਤੇ ਜ਼ਰੂਰੀ ਹੈ ਤੇ ਬਹੁਤ ਸਮਾਂ ਪਹਿਲੋਂ ਕੀਤਾ ਜਾਣਾ ਚਾਹੀਦਾ ਸੀ। ਪਰ ਹੋਰ ਵੀ ਬਹੁਤ ਕੁੱਝ ਕਰਨ ਵਾਲ਼ਾ ਪਿਆ ਹੈ। ਕੈਨੇਡਾ ਵਿੱਚ ਬਰੈਂਪਟਨ ਬਹੁਤ ਹੀ ਤੇਜ਼ੀ ਨਾਲ਼ ਵਧਣ ਵਾਲ਼ੇ ਸ਼ਹਿਰਾਂ ਵਿੱਚੋਂ ਇੱਕ ਹੈ। ਅਥਾਹ ਆਬਾਦੀ ਵਾਧੇ ਦੀਆਂ ਸਮੱਸਿਆਵਾਂ ਨਾਲ਼ ਕੁਦਰਤੀ ਤੌਰ ਤੇ ਇਹ ਵੀ ਪੂਰਾ ਘਿਰਿਆ ਹੋਇਆ ਹੈ ਜਿਵੇਂ ਕਿ ਟ੍ਰੈਫਿਕ ਵਿੱਚ ਭੀੜ-ਭੜੱਕਾ ਹੋਰ ਵੀ ਵਧੀ ਜਾ ਰਿਹਾ ਹੈ, ਅਪਰਾਧਾਂ ਵਿੱਚ ਚਿੰਤਾਜਨਕ ਹੱਦ ਤੀਕਰ ਵਾਧਾ ਹੋ ਗਿਆ ਹੈ, ਅਤੇ ਸੜਕੀ ਆਦਿ ਢਾਂਚਾ ਤੇਜ਼ੀ ਨਾ਼ਲ ਵਧ ਰਹੀ ਆਬਾਦੀ ਦੀਆਂ ਲੋੜਾਂ ਪੂਰੀਆਂ ਨਹੀਂ ਕਰਦਾ।

ਜੈੱਫਰੀ ਸਾਹਮਣੇ ਇੱਕ ਬੜੀ ਭਾਰੀ ਰੁਕਾਵਟ ਵੀ ਰਹੀ ਹੈ। ਉਹ ਸਦਾ ਦੀ ਵਖਰੇਵਿਆਂ ਭਰੀ ਝਗੜਾਲੂ ਸਿਟੀ ਕਾਊਂਸਲ ਨੂੰ ਇੱਕ ਸੁਰ ਨਹੀਂ ਕਰ ਸਕੀ। ਇਸੇ ਲਈ ਉਸਨੂੰ 2015 ਵਿੱਚ ਬੜੀ ਵੱਡੀ ਹਾਰ ਦਾ ਮੂੰਹ ਦੇਖਣਾ ਪਿਆ ਜਦੋਂ ਬਹੁਮੱਤ ਕਾਊਂਸਲ ਨੇ ਪ੍ਰਸਤਾਵਿਤ ਸ਼ਹਿਰ ਵਿੱਚ ਦੀ ਲੰਘਣ ਵਾ਼ਲੀ ਲਾਈਟ ਰੇਲ ਲਾਈਨ ਨੂੰ ਨਾਂਹ ਕਰ ਦਿੱਤੀ, ਜਿਸਦਾ ਸਾਰਾ ਖਰਚਾ ਪ੍ਰੋਵਿੰਸ ਨੇ ਚੁੱਕਣਾ ਸੀ।

ਜੈੱਫਰੀ ਦਾ ਸਾਹਮਣਾ ਬਹੁਤ ਸਾਰੇ ਉਮੀਦਵਾਰਾਂ ਨਾ਼ਲ ਹੋ ਰਿਹਾ ਹੈ, ਜਿਸ ਵਿੱਚ ਸ਼ਾਮਿਲ ਹੈ ਅਨੁਭਵੀ ਸਿਟੀ ਕਾਊਂਸਲ ਜੌਹਨ ਸਪਰੋਵਰੀ ਵੀ। ਪਰ ਉਸਦਾ ਮੁੱਖ ਵਿਰੋਧੀ ਹੈ ਪੈਟ੍ਰਿਕ ਬ੍ਰਾਊਨ, ਜਿਸਨੂੰ ਓਂਟੈਰੀਓ ਦੀ ਪ੍ਰੋਗ੍ਰੈਸਿਵ ਕੰਜਰਵੇਟਿਵ ਪਾਰਟੀ ਦੀ ਲੀਡਰੀ ਤੋਂ ਜਨਵਰੀ ਵਿੱਚ ਬਾਹਰ ਕਰ ਦਿੱਤਾ ਗਿਆ ਸੀ ਅਤੇ ਉਦੋਂ ਤੋਂ ਹੀ ਉਹ ਕਿਤੇ ਨਾ ਕਿਤੇ ਆਪਣੇ ਪੈਰ ਟਿਕਾਉਣ ਲਈ ਥਾਂ ਭਾਲ ਰਿਹਾ ਹੈ।

ਬ੍ਰਾਊਨ ਪੀਲ ਰਿਜਨ ਦੀ ਚੇਅਰ ਮੱਲਣ ਦੀਆਂ ਵਿਓਂਤਾਂ ਬਣਾ ਰਿਹਾ ਸੀ, ਪਰ ਜਦੋਂ ਫੋਰਡ ਸਰਕਾਰ ਨੇ ਉਹ ਚੋਣ ਅਚਾਨਕ ਰੱਦ ਕਰ ਦਿੱਤੀ ਤਾਂ ਉਹ ਬਰੈਂਪਟਨ ਮੇਅਰ ਦੀ ਚੋਣ-ਦੌੜ ਵਿੱਚ ਕੁੱਦ ਪਿਆ। ਇਸ ਵਿੱਚੋਂ ਮੌਕਾਪ੍ਰਸਤੀ ਸਪਸ਼ਟ ਝਲਕਦੀ ਹੈ। ਵੋਟਰਾਂ ਨੂੰ ਇਹ ਸੋਚਣਾ ਪਇਗਾ ਕਿ ਕੀ ਬ੍ਰਾਊਨ ਚੋਣ ਉਨ੍ਹਾਂ ਦੀ ਸੇਵਾ ਕਰਨ ਲਈ ਲੜ ਰਿਹਾ ਹੈ ਜਾਂ ਫਿਰ ਜਿਵੇਂ ਕਿਵੇਂ ਵੀ ਹੋਵੇ ਜਿੱਥੇ ਕਿਤੇ ਵੀ ਹੋਵੇ ਰਾਜਨੀਤੀ ਵਿੱਚ ਮੁੜ ਕੇ ਪੈਰ ਫਸਾਉਣ ਦਾ ਯਤਨ ਕਰ ਰਿਹਾ ਹੈ।

ਬ੍ਰਾਊਨ ਦੀ ਪੀਸੀ ਪਾਰਟੀ ਵਿੱਚੋਂ ਬਾਹਰ ਕੀਤੇ ਹੋਏ ਹੋਣ ਦੀ ਅਜੀਬ ਹਾਲਤ ਮੇਅਰ-ਚੋਣ ਦੀ ਇਸ ਦੌੜ ਵਿੱਚ ਇੱਕ ਇਹ ਵੀ ਹੋਰ ਮੋੜ ਲਿਆਉਂਦੀ ਹੈ। ਜੈੱਫਰੀ ਦਾ ਸਹਿਯੋਗ ਨਾ ਕੇਵਲ ਉਸਦੇ ਲਿਬਰਲ ਸਾਥੀ ਹੀ ਕਰ ਰਹੇ ਹਨ ਸਗੋਂ ਸਥਾਨਕ ਨਵੇਂ ਡੈਮੋਕ੍ਰੈਟਸ (ਐੱਨ ਡੀ ਪੀ) ਦੇ ਨਾ਼ਲ-ਨਾ਼ਲ ਕੰਜਰਵੇਟਿਵਾਂ ਨੇ ਵੀ ਬ੍ਰਾਊਨ ਨੂੰ ਲੋਕਾਂ ਤੋਂ ਦੂਰ ਹੀ ਰੱਖਣ ਦਾ ਪੱਕਾ ਇਰਾਦਾ ਕੀਤਾ ਹੋਇਆ ਹੈ।

ਇਹ ਸਾਰਾ ਕੁੱਝ ਉਸ ਲਈ ਨਿਰਪੱਖ ਭਾਵੇਂ ਨਾ ਹੋਵੇ, ਪਰ ਇਸਦੇ ਅਰਥ ਅਸਲੋਂ ਬਹੁਤ ਹੀ ਵੱਡੇ ਹਨ। ਜਿਵੇਂ ਕਿ ਬਰੈਂਪਟਨ ਦੀਆਂ ਦਿਨ ਦੁੱਗਣੀ ਰਾਤ ਚੌਗਣੀ ਵਧ ਰਹੀ ਆਬਾਦੀ ਦੀਆਂ ਵੰਗਾਰਾਂ ਨਾ਼ਲ ਨਜਿੱਠਣ ਲਈ ਜੈੱਫਰੀ ਪ੍ਰੋਵਿੰਸਲ ਸਰਕਾਰ ਤੋਂ ਵੱਧ ਧਨ ਅਤੇ ਹੋਰ ਸਹੂਲਤਾਂ ਪ੍ਰਾਪਤ ਕਰਨ ਵਿੱਚ ਕਿਤੇ ਵੱਧ ਸਫਲ ਸਿੱਧ ਹੋਵੇਗੀ। ਬਰੈਂਪਟਨ ਦੇ ਵੋਟਰਾਂ ਲਈ ਮੇਅਰ ਦੇ ਉਮੀਦਵਾਰ ਵਜੋਂ ਲਿੰਡਾ ਜੈੱਫਰੀ ਸਭ ਤੋਂ ਉੱਤਮ ਚੋਣ ਰਹੇਗੀ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਲੱਖਾਂ ਰੁਪਏ ਫਿਰੌਤੀ ਵਾਲੇ ਕੇਸ ਦੇ ਪੀੜਤ ਨੇ ਫਾਹਾ ਲੈ ਲਿਆ

ਡੱਬਵਾਲੀ, 21 ਅਕਤੂਬਰ (ਪੋਸਟ ਬਿਊਰੋ)- ਪਿਛਲੇ 60 ਦਿਨਾਂ ਤੋਂ ਇਨਸਾਫ ਲਈ ਜੂਝਦੇ ਲੱਖਾਂ ਰੁਪਏ ਫਿਰੌਤੀ ਮੰਗਣ ਦੇ ਮਾਮਲੇ ਦੇ ਪੀੜਤ ਫਾਈਨਾਂਸਰ ਯੋਗੇਸ਼ ਮਿੱਤਲ ਨੇ ਕੱਲ੍ਹ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਉਹ ਪੁਲਸ ਵੱਲੋਂ ਫਿਰੌਤੀ ਮੰਗਣ ਦੇ ਕੇਸ ਦੇ ਮੁਲਜ਼ਮਾਂ ਨੂੰ ਫੜਨ ਦੀ ਜਗ੍ਹਾ ਪੜਤਾਲ 'ਚ ਇਕ ਦੋਸ਼ੀ ਨੂੰ ਫਾਰਗ ਕਰਨ ਤੋਂ ਦੁਖੀ ਸੀ।

ਕੱਲ੍ਹ ਮ੍ਰਿਤਕ ਦੇ ਪਰਵਾਰ ਤੇ ਅਗਰਵਾਲ ਸਮਾਜ ਨੇ ਪੁਲਸ ਦੀ ਮਾੜੀ ਕਾਰਜ ਪ੍ਰਣਾਲੀ ਤੇ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਸਰਕਾਰੀ ਹਸਪਤਾਲ 'ਚ ਧਰਨਾ ਦਿੱਤਾ। ਪਰਵਾਰ ਨੇ ਮ੍ਰਿਤਕ ਦੇ ਪੋਸਟ ਮਾਰਟਮ ਲਈ ਬਿਆਨ ਦਰਜ ਕਰਵਾਉਣ ਤੋਂ ਨਾਂਹ ਕਰਕੇ ਪਹਿਲਾਂ ਤੋਂ ਦਰਜ ਕੇਸ ਵਿੱਚ ਮੁਲਜ਼ਮਾਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ, ਜਿਸ ਕਰਕੇ ਪੁਲਸ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ। ਇਸ ਤੋਂ ਪਹਿਲਾਂ 18 ਅਗਸਤ 2018 ਨੂੰ ਯੋਗੇਸ਼ ਮਿੱਤਲ ਨੇ ਜੱਗਾ ਜੰਡੀਆਂ, ਰਿਸ਼ੀ ਗੁਪਤਾ ਵਗੈਰਾ ਵੱਲੋਂ ਲੱਖਾਂ ਰੁਪਏ ਦੀ ਫਿਰੌਤੀ ਮੰਗਣ ਦੇ ਦਬਾਅ ਹੇਠ ਜ਼ਹਿਰੀਲੀਆਂ ਗੋਲੀਆਂ ਖਾ ਕੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ ਸੀ, ਜਿਸ ਮਗਰੋਂ ਸਿਟੀ ਪੁਲਸ ਨੇ 20 ਅਗਸਤ 2018 ਨੂੰ ਮ੍ਰਿਤਕ ਯੋਗੇਸ਼ ਦੀ ਸ਼ਿਕਾਇਤ 'ਤੇ ਸਿਟੀ ਪੁਲਸ ਵੱਲੋਂ ਜੱਗਾ ਜੰਡੀਆਂ, ਰਿਸ਼ੀ ਗੁਪਤਾ, ਵਿੱਕੀ ਐਸ ਐਸ ਆਈ ਅਤੇ ਤਿੰਨ ਹੋਰਾਂ ਖਿਲਾਫ ਕੇਸ ਦਰਜ ਕੀਤਾ ਸੀ। ਪਰਚਾ ਦਰਜ ਹੋਣ ਦੇ ਦੂਸਰੇ ਦਿਨ ਇਸ ਮਾਮਲੇ ਦੇ ਚਸ਼ਮਦੀਦ ਸੰਜੂ ਗੋਇਲ ਨੇ ਮੀਡੀਆ ਦੇ ਸਨਮੁੱਖ ਜੱਗਾ ਜੰਡੀਆਂ ਵਗੈਰਾ 'ਤੇ ਪਿਸਤੌਲ ਦੀ ਨੋਕ 'ਤੇ ਲੱਖਾਂ ਰੁਪਏ ਮੰਗਣ ਦੇ ਦੋਸ਼ਾਂ ਨੂੰ ਪੂਰਾ ਰੱਦ ਕਰ ਦਿੱਤਾ ਸੀ।

ਮਿਲੀ ਜਾਣਕਾਰੀ ਅਨੁਸਾਰ ਉਸ ਨੇ ਕੱਲ੍ਹ ਕਾਲੋਨੀ ਰੋਡ 'ਤੇ ਮਹਿਤਾ ਧਰਮਸ਼ਾਲਾ ਸਾਹਮਣੇ ਆਪਣੇ ਮਕਾਨ 'ਚ ਪੱਖੇ ਨਾਲ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਯੋਗੇਸ਼ ਦੀ ਖੁਦਕੁਸ਼ੀ ਦੀ ਸੂਚਨਾ ਮਿਲਣ ਉੱਤੇ ਅਗਰਵਾਲ ਭਾਈਚਾਰੇ ਦੇ ਲੋਕ ਵੱਡੀ ਗਿਣਤੀ 'ਚ ਹਸਪਤਾਲ ਪੁੱਜ ਗਏ। ਉਸ ਦੇ ਵੱਡੇ ਭਰਾ ਮਨੋਜ ਮਿੱਤਲ ਨੇ ਆਖਿਆ ਕਿ ਉਸ ਦੇ ਭਰਾ ਦੀ ਮੌਤ ਲਈ ਪੁਲਸ ਦੀ ਮਾੜੀ ਕਾਰਗੁਜ਼ਾਰੀ ਜ਼ਿੰਮੇਵਾਰ ਹੈ। ਉਸ ਨੇ ਆਖਿਆ ਕਿ ਫਿਰੌਤੀ ਮੰਗਣ ਦੇ ਮੁਲਜ਼ਮਾਂ ਨੂੰ ਗ੍ਰਿਫਤਾਰੀ ਕਰਨ ਦੀ ਬਜਾਏ ਪੁਲਸ ਦਾ ਜ਼ੋਰ ਮੁਲਜ਼ਮਾਂ ਨੂੰ ਪੜਤਾਲ ਤਹਿਤ ਕੇਸ 'ਚੋਂ ਬਾਹਰ ਕੱਢਣ ਉੱਤੇ ਜ਼ਿਆਦਾ ਸੀ।

## ਰਿਸ਼ਤਿਆਂ ਨੂੰ ਖਾ ਰਿਹਾ ਮੋਬਾਈਲ ਫੋਨ

-ਅਜੀਤਪਾਲ ਸਿੰਘ ਹਰੀਕਾ

ਹੁਣ ਕੰਮਕਾਰ ਦੀ ਤਰ੍ਹਾਂ ਇਨਸਾਨ ਨੇ ਆਪਣੇ ਰਿਸ਼ਤੇ ਵੀ ਮੋਬਾਈਲ ਫੋਨ ਤੋਂ ਹੀ ਕੰਟਰੋਲ ਕਰਨੇ ਸ਼ੁਰੂ ਕਰ ਦਿੱਤੇ ਹਨ। ਅੱਜ ਜਿੱਥੇ ਰਿਸ਼ਤੇ ਜੁੜਨ ਵਿੱਚ ਤੇਜ਼ੀ ਹੈ ਉਸ ਤੋਂ ਕਿਤੇ ਵੱਧ ਤੇਜ਼ੀ ਰਿਸ਼ਤੇ ਟੁੱਟਣ ਵਿੱਚ ਹੈ। ਤਕਨੀਕ ਵਿੱਚ ਦਿਨੋਂ ਦਿਨ ਸੁਧਾਰ ਹੋ ਰਿਹਾ ਹੈ। ਮੋਬਾਈਲ ਫੋਨ ਦਾ ਮਿਨੀ ਲੈਪਟੋਪ ਬਣਨਾ ਵੀ ਇਸੇ ਸੁਧਾਰ ਦਾ ਨਤੀਜਾ ਹੈ।

ਮੋਬਾਈਲ ਫੋਨ ਨੇ ਬੰਦੇ ਦੇ ਬਹੁਤੇ ਕੰਮ ਬੇਹੱਦ ਸਰਲ ਕਰ ਦਿੱਤੇ ਹਨ। ਕੋਈ ਬਿੱਲ ਭਰਨਾ ਹੋਵੇ ਜਾਂ ਕੋਈ ਖਰੀਦੋ ਫਰੋਖਤ, ਮੋਬਾਈਲ ਫੋਨ ਤੋਂ ਝੱਟ ਹੋ ਜਾਂਦੇ ਹਨ। ਜੇ ਕਿਸੇ ਕੋਲ ਫੋਨ ਨਾ ਹੋਵੇ ਤਾਂ ਖੁਦ ਨੂੰ ਅਧੂਰਾ ਜਿਹਾ ਮੰਨਦਾ ਹੈ। ਜਿਥੇ ਇਕ ਪਾਸੇ ਤਕਨੀਕ ਦੇ ਵਧਣ ਨਾਲ ਫਾਇਦੇ ਹੁੰਦੇ ਹਨ, ਓਥੇ ਇਸ ਦਾ ਇਨਸਾਨ ਦੇ ਰਿਸ਼ਤਿਆਂ ਨੂੰ ਸਿਓਕ ਵਾਂਗ ਚਿੰਬੜ ਕੇ ਉਜਾੜਨ ਵਾਲਾ ਰੂਪ ਵੀ ਨਜ਼ਰ ਆਉਣ ਲੱਗਾ ਹੈ। ਇਕ ਤਾਂ ਅਜੋਕੇ ਰਿਸ਼ਤੇ ਪਹਿਲਾਂ ਹੀ ਕਮਜ਼ੋਰ ਸਨ, ਮੋਬਾਈਲ ਫੋਨ ਨੇ ਖੋਖਲੇ ਕਰਨੇ ਸ਼ੁਰੂ ਕਰ ਦਿੱਤੇ ਹਨ। ਘਰ ਦੀ ਚਾਰਦੀਵਾਰੀ ਅੰਦਰ ਪਰਵਾਰ ਹੈ, ਪਰ ਉਨ੍ਹਾਂ ਦੀ ਆਪਸ ਵਿੱਚ ਗੱਲਬਾਤ ਮੋਬਾਈਲ ਫੋਨਾਂ ਰਾਹੀਂ ਹੁੰਦੀ ਹੈ। ਕੋਈ ਇਕ ਦੂਸਰੇ ਕੋਲ ਜਾਣ ਦੀ ਖੇਚਲ ਕਰਨੀ ਪਸੰਦ ਨਹੀਂ ਕਰਦਾ। ਸੋਫੇ ਉਤੇ ਬੈਠੇ ਪਿਓ ਪੁੱਤ ਖੁਸ਼ ਜ਼ਰੂਰ ਹੁੰਦੇ ਹਨ, ਪਰ ਇਕ ਦੂਜੇ ਨਾਲ ਗੱਲ ਕਰਕੇ ਨਹੀਂ, ਬਲਕਿ ਆਪੋ ਆਪਣੇ ਮੋਬਾਈਲ ਫੋਨ ਨਾਲ।



ਦੇਖਿਆ ਜਾਵੇ ਤਾਂ ਅੱਜ ਦੇ ਸਮੇਂ ਵਿੱਚ ਮੋਬਾਈਲ ਫੋਨ ਲਾਹੇਵੰਦ ਵਸਤੂ ਦੇ ਨਾਲ ਭਿਆਨਕ ਬਿਮਾਰੀ ਵੀ ਬਣਦਾ ਜਾਂਦਾ ਹੈ। ਬਿਮਾਰੀ ਵੀ ਅਜਿਹੀ, ਜਿਸ ਨੂੰ ਇਨਸਾਨ ਆਸਾਨੀ ਨਾਲ ਦੇਖ ਤਾਂ ਸਕਦਾ ਹੈ, ਪਰ ਆਸਾਨੀ ਨਾਲ ਦੂਰ ਨਹੀਂ ਕਰ ਸਕਦਾ। ਇਕੱਲੇ ਨੌਜਵਾਨਾਂ ਵਿੱਚ ਨਹੀਂ, ਬਲਕਿ ਵੱਡੇਰੀ ਉਮਰ ਵਾਲਿਆਂ ਵਿੱਚ ਵੀ ਮੋਬਾਈਲ ਫੋਨ ਦਾ ਵੱਧ ਉਤਸ਼ਾਹ ਹੈ। ਨਵੀਂ ਪੀੜ੍ਹੀ ਇਕ ਤਾਂ ਆਪ ਹੀ ਸਿਆਣਿਆਂ ਵਿੱਚ ਬੈਠਣ ਤੋਂ ਗੁਰੇਜ਼ ਕਰਦੀ ਹੈ ਤੇ ਉਤੋਂ ਵੱਡੇਰੀ ਉਮਰ ਵਾਲੇ ਵੀ ਉਨ੍ਹਾਂ ਨੂੰ ਸਮਾਂ ਦੇਣ ਦੀ ਥਾਂ ਮੋਬਾਈਲ ਨੂੰ ਵੱਧ ਸਮਾਂ ਦੇਣਾ ਸਿਆਣਪ ਸਮਝਦੇ ਹਨ। ਚੰਗੀਆਂ ਤੇ ਮਹਿੰਗੀਆਂ ਪੜ੍ਹਾਈ ਅੱਜ ਦੀ ਪੀੜ੍ਹੀ ਪੜ੍ਹ ਤਾਂ ਜ਼ਰੂਰ ਰਹੀ ਹੈ, ਪਰ ਚੰਗੇ ਰਿਸ਼ਤੇ ਬਣਾਉਣ ਵਿੱਚ ਅਸਫਲ ਹੋ ਰਹੀ ਹੈ। ਅੱਜ ਬੱਚਾ ਜੇ ਰੋਂਦਾ ਹੋਵੇ ਤਾਂ ਮਾਂ ਪਿਓ ਉਸ ਨੂੰ ਗੋਦੀ ਚੁੱਕ ਕੇ ਚੁੱਪ ਕਰਾਉਣ ਦੀ ਥਾਂ ਉਸ ਦੇ ਹੱਥ ਮੋਬਾਈਲ ਫੋਨ ਦੇ ਦਿੰਦੇ ਹਨ। ਜੋ ਉਮਰ ਜੁਆਕ ਦੀ ਰਿਸ਼ਤਿਆਂ ਦੀ ਕਦਰ ਸਿੱਖਣ ਦੀ ਹੈ, ਉਸ ਉਮਰ ਵਿੱਚ ਉਹ ਮੋਬਾਈਲ ਦੀ ਕਦਰ ਕਰਨੀ ਸਿੱਖਦਾ ਹੈ।

ਪਹਿਲਾਂ ਬੱਚਿਆਂ ਨੇ ਮਾਪਿਆਂ ਨੂੰ ਕਹਿਣਾ ਕਿ ਜੇ ਮੈਂ ਇਸ ਵਾਰ ਪੇਪਰਾਂ ਵਿੱਚੋਂ ਪਹਿਲਾਂ ਨਾਲੋਂ ਵੱਧ ਨੰਬਰ ਲਏ ਤਾਂ ਉਹ ਉਸ ਦੀ ਮਨ ਪਸੰਦ ਜਗ੍ਹਾ 'ਤੇ ਘੁੰਮਣ ਲਈ ਜਾਣਗੇ ਤਾਂ ਉਹ ਆਪਣੀ ਪਸੰਦ ਦੇ ਕੱਪੜੇ ਲਵੇਗਾ, ਪਰ ਅੱਜ ਉਸ ਦੀ ਸਿਰਫ ਇਕੋ ਮੰਗ ਹੁੰਦੀ ਹੈ ਕਿ ਉਹ ਪਹਿਲੇ ਨਾਲੋਂ ਵੱਡਾ ਫੋਨ ਲਵੇਗਾ। ਮਾਪੇ ਵੀ ਉਸ ਦੀ ਮੰਗ ਦਾ ਖੁਸ਼ੀ ਨਾਲ ਹੁੰਗਾਰਾ ਭਰਦੇ ਹਨ। ਰੇਲ ਗੱਡੀ ਜਾਂ ਬੱਸ ਵਿੱਚ ਸਫਰ ਕਰੋ ਤਾਂ ਜ਼ਿਆਦਾ ਸਵਾਰੀਆਂ ਆਪਣੇ ਮੋਬਾਈਲ 'ਤੇ ਪੂਰਾ ਸਮਾਂ ਲੱਗੀਆਂ ਰਹਿੰਦੀਆਂ ਹਨ। ਅੱਜ ਹਾਲਾਤ ਇਹ ਹੈ ਕਿ ਇਨਸਾਨ ਤੋਂ ਭਾਵੇਂ ਸੱਤ-ਸੱਤ ਘੰਟੇ ਫੋਨ ਉਤੇ ਕਿਸੇ ਨਾਲ ਗੱਲ ਕਰਵਾ ਲਵੋ, ਪਰ ਆਪਣੇ ਘਰ ਦੇ ਜੀਆਂ ਨਾਲ ਪੰਜ ਮਿੰਟ ਬੈਠ ਕੇ ਗੱਲ ਕਰਨੀ ਵੀ ਉਨ੍ਹਾਂ ਨੂੰ ਔਖੀ ਲੱਗਦੀ ਹੈ।

ਮੋਬਾਈਲ ਦਾ ਸਭ ਤੋਂ ਭਿਆਨਕ ਰੂਪ ਉਦੋਂ ਨਜ਼ਰ ਆਉਂਦਾ ਹੈ ਜਦੋਂ ਇਹ ਰਿਸ਼ਤਿਆਂ ਦੀ ਨੀਂਹ ਮਤਲਬ ਵਿਸ਼ਵਾਸ ਦੀ ਜੜ੍ਹ ਉਤੇ ਵਾਰ ਕਰਦਾ ਹੈ। ਮੰਨਿਆ ਕਿ ਅੱਜ ਦੇ ਦੌਰ ਵਿੱਚ ਇਸ ਤੋਂ ਬਿਨਾਂ ਸਾਰਨਾ ਮੁਸ਼ਕਿਲ ਹੈ, ਪਰ ਇਨਸਾਨ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਪਰਵਾਰ ਨਾਲ ਵਕਤ ਬਿਤਾਉਣ ਵੇਲੇ ਇਸ ਦੀ ਵਰਤੋਂ ਨਾ ਕਰੋ ਤਾਂ ਜੋ ਬਾਕੀ ਪਰਵਾਰ ਦੇ ਜੀਅ ਖੁਦ ਨੂੰ ਨਕਾਰਿਆ ਹੋਇਆ ਨਾ ਸਮਝਣ। ਜੇ ਇਨਸਾਨ ਆਪਣੇ ਪਰਵਾਰ ਨੂੰ ਵਕਤ ਦੇਵੇਗਾ ਤਾਂ ਹੀ ਉਸ ਦੀ ਆਉਣ ਵਾਲੀ ਪੀੜ੍ਹੀ ਉਸ ਦੇ ਬੁਢਾਪੇ ਵਿੱਚ ਉਸ ਨੂੰ ਵਕਤ ਦੇਵੇਗੀ। ਸੋ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਰਿਸ਼ਤਿਆਂ ਨੂੰ ਮੋਬਾਈਲ ਫੋਨ ਦੇ ਪਰਛਾਵੇ ਤੋਂ ਬਚਾ ਕੇ ਰੱਖਿਆ ਜਾਵੇ।

PUNJABI RANG RADIO



CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Aikam MEDIA GROUP



Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ






ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਪਰਾਲੀ ਸਾੜਨ ਤੇ ਪ੍ਰਦੂਸ਼ਣ ਦਾ ਸਾਰਾ ਦੋਸ਼ ਕਿਸਾਨਾਂ ਨੂੰ ਦੇਣਾ ਠੀਕ ਨਹੀਂ

-ਵਿਪਿਨ ਪੱਬੀ-

ਮਾਨਸੂਨ ਦੇ ਖਤਮ ਹੋਣ ਅਤੇ ਸਰਦੀਆਂ ਦੇ ਦਸਤਕ ਦੇਣ ਦੇ ਨਾਲ ਹੀ ਸੰਘਣੀ 'ਸਮੌਗ', ਜੋ ਧੂੰਏਂ ਅਤੇ ਧੁੰਦ ਦਾ ਇੱਕ ਮਿਸ਼ਰਣ ਹੁੰਦੀ ਹੈ, ਦੀ ਸਮੱਸਿਆ ਉੱਤਰ ਭਾਰਤ ਦੇ ਵੱਡੇ ਹਿੱਸੇ ਵਿੱਚ ਰਹਿਣ ਵਾਲੇ ਲੋਕਾਂ ਨੂੰ ਡਰਾਉਣ ਲਈ ਪਰਤ ਆਈ ਹੈ। ਕਈ ਕਾਰਨਾਂ ਕਰ ਕੇ ਪੈਦਾ ਹੋਣ ਵਾਲੀ 'ਸਮੌਗ' ਇੱਕ ਵਾਰ ਫਿਰ ਫੇਫੜਿਆਂ ਦੀਆਂ ਬਿਮਾਰੀਆਂ, ਸਾਹ ਲੈਣ ਦੀ ਸਮੱਸਿਆ, ਨਜ਼ਰ ਆਉਣ 'ਚ ਮੁਸ਼ਕਲ, ਦੀ ਵਜ੍ਹਾ ਬਣੇਗੀ, ਜਿਸ ਦੇ ਸਿੱਟੇ ਵਜੋਂ ਰੇਲ, ਹਵਾਈ ਤੇ ਸੜਕੀ ਆਵਾਜ਼ਾਈ ਵਿੱਚ ਵਿਘਨ ਪਵੇਗਾ। ਮਾਹਰਾਂ ਮੁਤਾਬਕ 'ਸਮੌਗ' ਕਈ ਕਾਰਕਾਂ ਦਾ ਮਿਸ਼ਰਣ ਹੈ, ਜਿਨ੍ਹਾਂ ਵਿੱਚ ਪੰਜਾਬ, ਹਰਿਆਣਾ ਅਤੇ ਯੂ ਪੀ ਦੇ ਕਈ ਹਿੱਸਿਆਂ ਵਿੱਚ ਪਰਾਲੀ ਸਾੜਨ ਤੇ ਉਦਯੋਗਿਕ ਪ੍ਰਦੂਸ਼ਣ ਤੋਂ ਇਲਾਵਾ ਦੀਵਾਲੀ ਵਰਗੇ ਤਿਉਹਾਰੀ ਮੌਸਮਾਂ ਦੌਰਾਨ ਪਟਾਕੇ ਚਲਾਉਣਾ ਸ਼ਾਮਲ ਹੈ, ਜੋ ਉੱਤਰੀ ਖੇਤਰ, ਖਾਸ ਕਰ ਕੇ ਕੌਮੀ ਰਾਜਧਾਨੀ ਖੇਤਰ ਵਿੱਚ ਵੱਡੀ ਗਿਣਤੀ 'ਚ ਗੱਡੀਆਂ ਕਾਰਨ ਪੈਦਾ ਹੋਣ ਵਾਲੇ ਮੌਜੂਦਾ ਪ੍ਰਦੂਸ਼ਣ ਵਿੱਚ ਹੋਰ ਵਾਧਾ ਕਰਦਾ ਹੈ।

ਇਸ ਇਲਾਕੇ ਦੇ ਕਿਸਾਨ ਤੇ ਹੋਰ ਲੋਕ ਇਹ ਸੋਚਦੇ ਹਨ ਕਿ ਜ਼ਿਆਦਾ ਦੋਸ਼ ਪਰਾਲੀ ਸਾੜਨ ਨੂੰ ਦਿੱਤਾ ਜਾ ਰਿਹਾ ਹੈ ਤੇ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੜਦੇ ਖੇਤਾਂ ਵਿੱਚੋਂ ਉਠਣ ਵਾਲਾ ਧੂੰਆਂ ਯੋਗਦਾਨ ਦੇਣ ਵਾਲਾ ਇੱਕ ਪ੍ਰਮੁੱਖ ਕਾਰਕ ਹੈ। ਉਪ ਗ੍ਰਹਿ ਨਾਲ ਲਈਆਂ ਤਸਵੀਰਾਂ ਵੱਡੀ ਗਿਣਤੀ ਵਿੱਚ ਖੇਤਾਂ ਵਿੱਚ ਅੱਗ ਲੱਗੀ ਦਿਖਾਉਂਦੀਆਂ ਹਨ। ਪਰਾਲੀ ਸਾੜਨ ਦੀ ਸਮੱਸਿਆ ਪਿਛਲੀ ਸਦੀ ਦੇ ਅਖੀਰ 'ਚ ਉਦੋਂ ਪੈਦਾ ਹੋਈ, ਜਦੋਂ ਮਸ਼ੀਨਾਂ ਨਾਲ ਚੱਲਦੀਆਂ ਹਾਰਵੈਸਟਰ ਕੰਬਾਈਨਾਂ ਦੀ ਦੇਸ਼ ਵਿੱਚ ਵਰਤੋਂ ਸ਼ੁਰੂ ਕੀਤੀ ਗਈ। ਕਿਸਾਨਾਂ, ਖਾਸ ਕਰ ਕੇ ਗਰੀਬ ਕਿਸਾਨਾਂ ਲਈ ਅਗਲੀ ਫਸਲ ਬੀਜਣ ਤੋਂ ਪਹਿਲਾਂ ਪਰਾਲੀ ਨੂੰ ਟਿਕਾਣੇ ਲਾਉਣਾ ਮੁਸ਼ਕਲ ਹੁੰਦਾ ਹੈ।

ਇੱਕ ਹੋਰ ਕਾਰਕ, ਜੋ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਅੱਗ ਲਾਉਣ ਲਈ ਮਜਬੂਰ ਕਰਦਾ ਹੈ, ਉਹ ਹੈ ਕਣਕ ਬੀਜਣ ਲਈ ਬਚਦਾ ਥੋੜ੍ਹਾ ਸਮਾਂ। ਜਿੱਥੇ ਝੋਨੇ ਦੀ ਫਸਲ ਕਟਾਈ ਲਈ ਤਿਆਰ ਹੁੰਦੀ ਹੈ, ਉਥੇ ਬਹੁਤੇ ਕਿਸਾਨ ਝੋਨੇ ਦੀ ਵਾਢੀ ਸ਼ੁਰੂ ਕਰਨ ਲਈ ਨਰਾਤਿਆਂ ਦੀ ਉਡੀਕ ਕਰਦੇ ਹਨ। ਸਰਕਾਰ ਨੇ ਇਹ ਹੁਕਮ ਦਿੱਤਾ ਹੈ ਕਿ ਕਣਕ ਦੀ ਫਸਲ 15 ਨਵੰਬਰ ਤੋਂ ਪਹਿਲਾਂ ਬੀਜ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਇਸ ਨੂੰ ਕਾਫੀ ਮਾਤਰਾ ਵਿੱਚ ਬਰਸਾਤ ਅਤੇ ਧੁੱਪ ਮਿਲ ਸਕੇ, ਜੋ ਚੰਗੀ ਫਸਲ ਲਈ ਮਦਦਗਾਰ ਹੁੰਦੀ ਹੈ। ਖੇਤੀ ਸਮੀਖਿਅਕਾਂ ਦਾ ਮੰਨਣਾ ਹੈ ਕਿ ਜਿੱਥੇ ਵਧਦੇ ਪ੍ਰਦੂਸ਼ਣ ਲਈ ਕਿਸਾਨਾਂ ਨੂੰ ਦੋਸ਼ ਦਿੱਤਾ ਜਾ ਰਿਹਾ ਹੈ, ਉਥੇ ਖੇਤੀਬਾੜੀ 'ਚ ਸੁਧਾਰ ਕਰਨ ਲਈ ਬਹੁਤ ਘੱਟ ਕੰਮ ਕੀਤਾ ਜਾ ਰਿਹਾ ਹੈ। ਖੇਤੀ ਲਾਗਤਾਂ ਵਧਦੀਆਂ ਜਾਂਦੀਆਂ ਹਨ। ਕਿਸਾਨਾਂ ਦੀਆਂ ਫਸਲਾਂ ਦਾ ਵਾਜਬ ਮੁੱਲ ਨਹੀਂ ਮਿਲ ਰਿਹਾ। ਉਨ੍ਹਾਂ ਦਾ ਕਹਿਣਾ ਹੈ ਕਿ ਕਿਸਾਨ ਅਜਿਹੀ ਸਥਿਤੀ ਵਿੱਚ ਨਹੀਂ ਕਿ ਟਰਬੋ ਹੈਪੀ ਸੀਡਰ ਵਰਗੀਆਂ ਮਸ਼ੀਨਾਂ ਖਰੀਦ ਅਤੇ ਚਲਾ ਕੇ ਵਾਧੂ ਬੋਝ ਉਠਾਉਣ, ਜੋ ਪਰਾਲੀ ਦੀ ਸਮੱਸਿਆ ਹੱਲ ਕਰ ਸਕਦੀਆਂ ਹਨ। ਅਜਿਹੀਆਂ ਮਸ਼ੀਨਾਂ ਪੂਰੇ ਸਾਲ ਵਿੱਚ ਸਿਰਫ ਇੱਕ ਮਹੀਨਾ ਜਾਂ ਇਸ ਤੋਂ ਜ਼ਿਆਦਾ ਸਮੇਂ ਲਈ ਚਾਹੀਦੀਆਂ ਹੁੰਦੀਆਂ ਹਨ, ਜੋ ਉਨ੍ਹਾਂ ਵਾਸਤੇ ਆਰਥਿਕ ਤੌਰ 'ਤੇ ਅਮਲੀ ਬਦਲ ਨਹੀਂ ਹੈ।



ਯਕੀਨੀ ਤੌਰ ਉੱਤੇ ਸਾਰਾ ਦੋਸ਼ ਕਿਸਾਨਾਂ ਨੂੰ ਦੇਣਾ ਜਾਇਜ਼ ਨਹੀਂ। ਖੇਤੀ ਅਰਥ ਵਿਵਸਥਾ ਮਾਹਰ ਦਵਿੰਦਰ ਸ਼ਰਮਾ ਦਾ ਕਹਿਣਾ ਹੈ ਕਿ ਕਿਸਾਨਾਂ ਦੀ ਆਮਦਨ ਵਿੱਚ ਸਾਲ ਦਰ ਸਾਲ ਗਿਰਾਵਟ ਆ ਰਹੀ ਹੈ ਅਤੇ ਕਿਸਾਨਾਂ-ਖੇਤ ਮਜ਼ਦੂਰਾਂ ਦੀ ਆਮਦਨ ਵਿਚਾਲੇ ਫਰਕ ਵਧਦਾ ਜਾਂਦਾ ਹੈ। ਕਿਸਾਨਾਂ ਲਈ ਇੱਕ ਘੱਟੋ ਘੱਟ ਆਮਦਨ ਯਕੀਨੀ ਬਣਾਉਣ ਲਈ ਉਹ ਇੱਕ ਕਿਸਾਨ ਆਮਦਨ ਕਮਿਸ਼ਨ ਦਾ ਗਠਨ ਕਰਨ ਦੀ ਵਕਾਲਤ ਕਰਦੇ ਆ ਰਹੇ ਹਨ। ਕਿਸਾਨਾਂ ਨੂੰ ਪੇਸ਼ ਰਹੀ ਇਸ ਸਮੱਸਿਆ ਨਾਲ ਨਜਿੱਠਣ ਲਈ ਕਈ ਸੁਝਾਅ ਦਿੱਤੇ ਜਾ ਰਹੇ ਹਨ, ਜਿਨ੍ਹਾਂ 'ਚੋਂ ਇੱਕ ਹੈ ਕਣਕ ਤੇ ਝੋਨੇ ਦੇ ਫਸਲੀ ਚੱਕਰ ਨੂੰ ਤੋੜਨਾ ਅਤੇ ਫਸਲੀ ਵੰਨ-ਸੁਵੰਨਤਾ ਨੂੰ ਲਾਗੂ ਕਰਨਾ। ਇਹ ਕਿਹਾ ਗਿਆ ਹੈ ਕਿ ਬਦਲ-ਬਦਲ ਕੇ ਫਸਲਾਂ ਬੀਜਣ ਨਾਲ ਕਿਸਾਨਾਂ ਦੀ ਆਮਦਨ ਵਧੇਗੀ ਤੇ ਪਾਣੀ ਦੇ ਸੋਮਿਆਂ 'ਤੇ ਨਿਰਭਰ ਘਟੇਗੀ। ਮੌਜੂਦਾ ਗੜਬੜ ਲਈ ਕਿਸਾਨ ਸਰਕਾਰੀ ਨੀਤੀਆਂ ਅਤੇ ਤਰਜੀਹਾਂ ਨੂੰ ਦੋਸ਼ ਦਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਹਾਰਵੈਸਟਰ ਕੰਬਾਈਨਾਂ ਦੀ ਵਰਤੋਂ ਸ਼ੁਰੂ ਕੀਤੀ ਸੀ, ਉਦੋਂ ਸਰਕਾਰ ਨੂੰ ਪਰਾਲੀ ਦੀ ਸਮੱਸਿਆ ਬਾਰੇ ਪਹਿਲਾਂ ਸੋਚ ਲੈਣਾ ਚਾਹੀਦਾ ਸੀ ਤੇ ਇਸ ਨਾਲ ਨਜਿੱਠਣ ਲਈ ਉਚਿਤ ਕਦਮ ਚੁੱਕਣੇ ਚਾਹੀਦੇ ਸਨ, ਜਿਵੇਂ ਕਿ ਪਰਾਲੀ ਹਟਾਉਣ ਲਈ ਮਸ਼ੀਨਾਂ ਦੇ ਸੰਚਾਲਨ ਵਾਸਤੇ ਸਹਿਕਾਰੀ ਕਮੇਟੀਆਂ ਦਾ ਗਠਨ ਕਰਨਾ। ਸਰਕਾਰ ਆਪਣੀਆਂ ਨੀਤੀਆਂ ਬਾਰੇ ਅਨਿਸ਼ਚਿਤ ਜਾਂ ਦੁਚਿੱਤੀ 'ਚ ਦਿਖਾਈ ਦਿੰਦੀ ਹੈ। ਮਿਸਾਲ ਵਜੋਂ ਸਰਕਾਰ ਚਾਹੁੰਦੀ ਹੈ ਕਿ ਝੋਨਾ ਉਤਪਾਦਕ ਸੂਬੇ ਝੋਨੇ ਹੇਠ ਆਉਂਦੇ ਰਕਬੇ ਨੂੰ ਘਟਾਉਣ, ਪਰ ਇਸ ਦੇ ਨਾਲ ਹੀ ਇਹ ਝੋਨੇ ਦੀ ਖਰੀਦ ਦੇ ਟੀਚੇ ਮਿਥ ਲੈਂਦੀ ਹੈ ਤੇ ਉਹ ਵੀ ਉੱਚੇ ਪੱਧਰ 'ਤੇ।

ਇਹ ਵੀ ਦੇਖਣ 'ਚ ਆਉਂਦਾ ਹੈ ਕਿ ਸਰਕਾਰ ਦੇ ਵੱਖ-ਵੱਖ ਮਹਿਕਮੇ ਵੱਖ-ਵੱਖ ਦਿਸ਼ਾਵਾਂ ਵੱਲ ਚੱਲਦੇ ਹਨ ਅਤੇ ਇੱਕ ਮੰਚ 'ਤੇ ਇਕੱਠੇ ਨਹੀਂ ਹੁੰਦੇ। ਜਿੱਥੋਂ ਤੱਕ ਖੇਤ ਵਿੱਚ ਅੱਗ ਲਾਉਣ ਨਾਲ ਪੈਦਾ ਹੋਣ ਵਾਲੇ ਪ੍ਰਦੂਸ਼ਣ ਦੀ ਗੱਲ ਹੈ, ਇਸ ਦੇ ਪਹਿਲੇ ਸ਼ਿਕਾਰ ਖੁਦ ਕਿਸਾਨ ਬਣਦੇ ਹਨ ਕਿਉਂਕਿ ਇਹ ਪ੍ਰਦੂਸ਼ਣ ਉਨ੍ਹਾਂ ਦੇ ਪਰਵਾਰਾਂ ਤੇ ਪਿੰਡਾਂ ਨੂੰ ਸਭ ਤੋਂ ਵੱਧ ਤੰਗ ਕਰਦਾ ਹੈ। ਮਾਹਰਾਂ ਦਾ ਕਹਿਣਾ ਹੈ ਕਿ ਪਰਾਲੀ ਸਾੜਨ ਨਾਲ ਸਿਹਤ ਦੀਆਂ ਕਈ ਸਮੱਸਿਆਵਾਂ ਉਠਦੀਆਂ ਹਨ। ਡਾਕਟਰਾਂ ਦਾ ਕਹਿਣਾ ਹੈ ਕਿ ਪਹਿਲਾ ਮਨੁੱਖ ਵਲੋਂ ਸਿਰਜਿਆ ਕੈਂਸਰ ਕਾਰਕ ਪਰਾਲੀ ਸਾੜਨ ਦੇ ਧੂੰਏਂ 'ਚ ਮਿਲਿਆ ਹੈ। ਸਰਕਾਰ ਨੂੰ ਇਸ ਨਾਲ ਨਜਿੱਠਣ ਲਈ ਸਥਾਈ ਤੇ ਅਮਲੀ ਹੱਲ ਨਾਲ ਅੱਗੇ ਆਉਣਾ ਚਾਹੀਦਾ ਹੈ। ਮਿਸਾਲ ਵਜੋਂ ਇਹ ਉਨ੍ਹਾਂ ਕਿਸਾਨਾਂ ਲਈ ਦਿਲਖਿਚਵਾਂ ਆਰਥਿਕ ਉਤਸ਼ਾਹ ਵਧਾਊ ਪੈਕੇਜ ਲਾਗੂ ਕਰ ਸਕਦੀ ਹੈ, ਜਿਹੜੇ ਆਪਣੇ ਖੇਤਾਂ ਵਿੱਚ ਅੱਗ ਨਹੀਂ ਲਾਉਂਦੇ। ਘੱਟੋ ਘੱਟ ਸਮਰਥਨ ਮੁੱਲ ਦੇ ਨਾਲ-ਨਾਲ ਫੰਡ ਦੀ ਵਿਵਸਥਾ ਵੀ ਕੀਤੀ ਜਾ ਸਕਦੀ ਹੈ।

ਬਦਲਵੇਂ ਤੌਰ 'ਤੇ ਹੋਰ ਫਸਲਾਂ ਜਾਂ ਬਾਗਬਾਨੀ ਵੱਲ ਰੁਖ਼ ਕਰ ਕੇ ਝੋਨੇ ਦੇ ਟੀਚਿਆਂ ਵਿੱਚ ਕਮੀ ਕੀਤੀ ਜਾ ਸਕਦੀ ਹੈ। ਸਰਕਾਰ ਵਾਢੀ ਦੇ ਮੌਸਮ 'ਚ ਕਿਸਾਨਾਂ ਲਈ ਨਾਮਾਤਰ ਲਾਗਤ 'ਤੇ ਵਿਸ਼ੇਸ਼ ਮਸ਼ੀਨਾਂ ਚਲਾਉਣ ਵਾਸਤੇ ਸਹਿਕਾਰੀ ਕਮੇਟੀਆਂ ਦੇ ਗਟਨ ਬਾਰੇ ਵਿਚਾਰ ਕਰ ਸਕਦੀ ਹੈ। ਕੋਈ ਅਜਿਹਾ ਹੱਲ ਨਹੀਂ ਹੋ ਸਕਦਾ, ਜੋ ਸਾਰੀਆਂ ਸਮੱਸਿਆਵਾਂ 'ਤੇ ਲਾਗੂ ਹੋਵੇ। ਲੋੜ ਹੈ ਇੱਕ ਵਿਸਥਾਰਤ ਨੀਤੀ ਅਤੇ ਉਸ ਨੂੰ ਲਗਨ ਵਾਲੀਆਂ ਟੀਮਾਂ ਦੇ ਜ਼ਰੀਏ ਲਾਗੂ ਕਰਨ ਦੀ।

# ਨਹੀਂ ਭੁੱਲਦਾ ਉਹ ਰਿਕਸ਼ੇ ਵਾਲਾ

-ਬਲਵੀਰ ਸਿੰਘ 'ਰਣੀਆਂ'

ਮੇਰੀ ਜ਼ਿੰਦਗੀ ਦੀਆਂ ਯਾਦਾਂ ਦੀ ਪਟਾਰੀ ਮੁਤਾਬਕ ਇਹ ਵਾਕਿਆ ਦਸੰਬਰ ਮਹੀਨੇ ਤੇ ਸਾਲ 1985 ਦਾ ਹੈ। ਮੇਰੀ ਸਿੱਖ ਰੈਜੀਮੈਂਟ ਸੈਂਟਰ ਰਾਮਗੜ੍ਹ ਕੈਂਟ 'ਚ ਰੰਗਰੂਟੀ ਚੱਲ ਰਹੀ ਸੀ। ਉਸ ਸਮੇਂ ਰੰਗਰੂਟੀ ਪੂਰੀ ਨੌਂ ਮਹੀਨੇ ਦੀ ਹੁੰਦੀ ਸੀ ਤੇ ਅੱਧੀ ਰੰਗਰੂਟੀ ਪੂਰੀ ਹੋਣ ਉਤੇ ਪਹਿਲੀ ਛੁੱਟੀ 28 ਦਿਨ ਮਿਲਦੀ ਸੀ। ਮੈਂ ਵੀ ਆਪਣੇ ਸਾਥੀ ਰੰਗਰੂਟਾਂ ਨਾਲ 28 ਦਿਨ ਦੀ ਛੁੱਟੀ ਆਉਣ ਵਾਲਾ ਸੀ। ਉਸ ਸਮੇਂ ਭਾਵੇਂ ਬਹੁਤੇ ਰੰਗਰੂਟ ਛੜੇ ਮਲੰਗ ਸਨ, ਫਿਰ ਵੀ ਸਖਤ ਟਰੇਨਿੰਗ ਦੇ ਭੰਨੇ ਹੋਣ ਕਾਰਨ ਪਹਿਲੀ ਛੁੱਟੀ ਆਉਣ ਦਾ ਚਾਅ ਚੁੱਕਿਆ ਨਹੀਂ ਸੀ ਜਾਂਦਾ। ਬਾਕੀ ਛੁੱਟੀ ਆਉਣ ਸਮੇਂ ਜੋ ਖੁਸ਼ੀ ਮਹਿਸੂਸ ਹੁੰਦੀ ਹੈ, ਉਸ ਨੂੰ ਸਿਰਫ ਫੌਜੀ ਹੀ ਸਮਝ ਸਕਦਾ ਹੈ।

ਉਸ ਸਮੇਂ ਘਰ ਦਿਆਂ ਨਾਲ ਗੱਲ ਕਰਨ ਲਈ ਅੱਜ ਦੀ ਤਰ੍ਹਾਂ ਮੋਬਾਈਲ ਦੀਆਂ ਟੱਲੀਆਂ ਨਹੀਂ ਖੜਕਦੀਆਂ ਸਨ, ਸਗੋਂ ਸੁੱਖ ਸਾਂਦ ਜਾਣਨ ਲਈ ਭਾਗਾਂ ਭਰੀ ਚਿੱਠੀ ਦਾ ਹੀ ਆਸਰਾ ਹੁੰਦਾ ਸੀ। ਟਰੇਨਿੰਗ ਕਮਾਂਡਰ ਕਰਨਲ ਏ ਐਸ ਧਰਨੀ ਸਾਹਿਬ ਦੇ ਟੈਸਟ ਪਾਸ ਹੋਣ 'ਤੇ ਸਾਨੂੰ ਸਾਰੀ ਪਲਟੂਨ ਨੂੰ 28 ਦਿਨ ਦੀ ਛੁੱਟੀ ਜਾਣ ਦੇ ਹੁਕਮ ਮਿਲ ਗਏ। ਅਸੀਂ ਚਾਈਂ-ਚਾਈਂ ਸਿਵਲ ਕੱਪੜੇ ਪਾਏ, ਬਿਸਤਰਾ ਬੰਨ੍ਹਿਆ, ਪਲਟੂਨ ਹੌਲਦਾਰ ਤੋਂ ਚਾਰ ਛਿੱਲੜ ਤਨਖਾਹ ਦੇ ਲਏ ਅਤੇ ਫੌਜੀ ਕੰਟੀਨ ਤੋਂ ਰੰਮ ਲੈਣ ਲਈ ਜਾ ਖੜੇ ਹੋਏ। ਮੈਂ ਭਾਵੇਂ ਉਸ ਸਮੇਂ ਦਾਰੂ ਨਹੀਂ ਪੀਂਦਾ ਸੀ, ਪਰ ਬਾਪੂ ਅਤੇ ਸੀਰੀ ਸਾਂਝੀ ਲਈ ਚਾਰ ਬੋਤਲਾਂ ਰੰਮ ਦੀਆਂ ਮੈਂ ਵੀ ਲੈ ਲਈਆਂ। ਛੁੱਟੀ ਜਾਣ ਵਾਲੇ ਕਾਗਜ਼ਾਤ ਮਿਲਣ 'ਤੇ ਅਸੀਂ ਆਪਣੇ ਉਸਤਾਦਾਂ ਨੂੰ ਬਾਏ-ਬਾਏ ਕੀਤੀ ਤੇ ਫੌਜੀ ਗੱਡੀ 'ਤੇ ਚੜ੍ਹ ਕੇ ਕਰੀਬ ਤਿੰਨ ਦਿਨ ਦਾ ਲੰਮਾ ਸਫਰ ਤੈਅ ਕਰਨ ਤੋਂ ਬਾਅਦ ਲੁਧਿਆਣਾ ਰੇਲਵੇ ਸਟੇਸ਼ਨ 'ਤੇ ਪਹੁੰਚ ਗਏ। ਸਾਥੀ ਰੰਗਰੂਟਾਂ ਵਿੱਚੋਂ ਮੈਂ ਇਕੱਲਾ ਮੋਗਾ ਜਾਣ ਵਾਲਾ ਸੀ।

ਦਸੰਬਰ ਦਾ ਮਹੀਨਾ ਹੋਣ ਕਰਕੇ ਠੰਢ ਜ਼ੋਰਾਂ ਉਤੇ ਸੀ। ਚਾਰੇ ਪਾਸੇ ਧੁੰਦ ਛਾਈ ਹੋਈ ਸੀ। ਮੈਂ ਸਟੇਸ਼ਨ ਤੋਂ ਆਟੋ ਫੜਿਆ ਤੇ ਭਰਤ ਨਗਰ ਚੌਕ ਪਹੁੰਚ ਗਿਆ। ਉਥੋਂ ਟਰੱਕ 'ਤੇ ਚੜ੍ਹ ਕੇ ਅੱਧੀ ਰਾਤ ਮੋਗਾ-ਬਰਨਾਲਾ ਬਾਈਪਾਸ 'ਤੇ ਉਤਰ ਗਿਆ। ਉਸ ਸਮੇਂ ਬਰਨਾਲਾ ਬਾਈਪਾਸ ਉਤੇ ਅੱਜ ਵਾਂਗ ਰੌਣਕ ਨਹੀਂ ਹੁੰਦੀ ਸੀ। ਚਾਰੇ ਪਾਸੇ ਸੁੰਨਸਾਨ ਪਸਰੀ ਹੋਈ ਸੀ। ਮੌਸਮ ਖਰਾਬ ਹੋਣ ਕਾਰਨ ਗਹਿਰੀ ਧੁੰਦ ਦੇ ਨਾਲ ਕਣੀਆਂ ਪੈ ਰਹੀਆਂ ਸਨ। ਚਾਰੇ ਪਾਸੇ ਕੋਈ ਬੰਦਾ ਪਰਿੰਦਾ ਨਾ ਹੋਣ 'ਤੇ ਮੈਂ ਅੰਦਰੋਂ ਡਰਿਆ ਹੋਇਆ ਮਹਿਸੂਸ ਕਰ ਰਿਹਾ ਸੀ। ਪਹਿਲੀ ਵਾਰ ਰੰਮ ਦਾ ਛੋਟਾ ਜਿਹਾ ਪੈਗ ਲਾਉਣ ਨਾਲ ਕੁਝ ਦਲੇਰੀ ਫੜ ਗਿਆ ਤੇ ਠੰਢ ਤੋਂ ਬਚਣ ਲਈ ਫੌਜੀ ਕੋਟ ਪਾ ਲਿਆ।

ਏਨੇ ਚਿਰ ਨੂੰ ਸਵਾਰੀਆਂ ਦੀ ਭਾਲ ਵਿੱਚ ਇਕ ਰਿਕਸ਼ੇ ਵਾਲਾ ਆ ਗਿਆ। ਮੈਂ ਉਸ ਨੂੰ ਰਿਕਸ਼ੇ ਉਤੇ ਪਿੰਡ ਛੱਡਣ ਲਈ ਕਿਹਾ ਤਾਂ ਝੱਟ ਮੰਨ ਗਿਆ ਕਿਉਂਕਿ ਅੱਧੀ ਰਾਤ ਤੇ ਉਤੋਂ ਖਰਾਬ ਮੌਸਮ ਹੋਣ ਕਾਰਨ ਪਿੰਡ ਪਹੁੰਚਣ ਲਈ ਕੋਈ ਹੋਰ ਢੋਅ ਮੇਲ ਨਹੀਂ ਲੱਗ ਰਿਹਾ ਸੀ। ਇਸ ਲਈ ਰਿਕਸ਼ੇ 'ਤੇ ਜਾਣਾ ਠੀਕ ਸਮਝਿਆ ਕਿਉਂਕਿ ਬਰਨਾਲਾ ਬਾਈਪਾਸ ਤੋਂ ਮੇਰਾ ਪਿੰਡ ਮਹਿਜ਼ 20 ਕੁ ਕਿਲੋਮੀਟਰ ਪੈਂਦਾ ਸੀ। ਐਨੀ ਮਾਮੂਲੀ ਵਾਟ ਰਿਕਸ਼ੇ 'ਤੇ ਤੈਅ ਕਰਨੀ ਬਹੁਤ ਔਖੀ ਗੱਲ ਨਹੀਂ ਸੀ। ਰਿਕਸ਼ੇ ਵਾਲੇ ਵੱਲੋਂ ਹਾਮੀ ਭਰਨ 'ਤੇ ਮੈਂ ਆਪਣਾ ਫੌਜੀ ਬੋਰੀ ਬਿਸਤਰਾ ਰਿਕਸ਼ੇ 'ਤੇ ਲੱਦ ਦਿੱਤਾ। ਜਦੋਂ ਚੱਲਣ ਲਈ ਕਿਹਾ ਤਾਂ ਰਿਕਸ਼ੇ ਵਾਲਾ ਇਕ ਪੈਗ ਰੰਮ ਦਾ ਪੀਣ ਦਾ ਅੜਿੱਕਾ ਡਾਹ ਕੇ ਬਹਿ ਗਿਆ। ਮੈਂ ਉਸ ਸਮੇਂ ਨਵਾਂ ਰੰਗਰੂਟ ਅਤੇ ਪਹਿਲੀ ਛੁੱਟੀ ਹੋਣ ਕਾਰਨ ਕੋਈ ਬਹੁਤਾ ਤਜਰਬੇਕਾਰ ਨਹੀਂ ਸੀ। ਨਾਲੇ ਉਤੋਂ ਰੱਬ ਦੀ ਕਰਨੀ ਠੰਢ ਨਾਲ ਮੇਰਾ ਬੁਰਾ ਹਾਲ ਹੋਇਆ ਪਿਆ ਸੀ। ਮੈਂ ਮਜਬੂਰੀ ਵਿੱਚ ਉਸ ਨੂੰ ਸਟੀਲ ਦੇ ਗਿਲਾਸ 'ਚ ਪੈਗ ਰੰਮ ਦਾ ਪਾ ਦਿੱਤਾ। ਉਹ ਬਿਨਾਂ ਪਾਣੀ ਪਾਏ ਖਿੱਚ ਗਿਆ ਤੇ ਮੇਰੇ ਬਹਿਣ ਦੀ ਦੇਰ ਸੀ, ਰਿਕਸ਼ਾ ਫੁੱਲ ਸਪੀਡ 'ਤੇ ਭਜਾ ਦਿੱਤਾ। ਥੋੜ੍ਹੀ ਦੂਰ ਗੱਡੀ ਆਉਣ ਕਾਰਨ ਰੇਲਵੇ ਦਾ ਫਾਟਕ ਬੰਦ ਸੀ। ਫਾਟਕ ਵਾਲੇ ਮੁਲਾਜ਼ਮ ਨੂੰ ਆਖੇ, 'ਓਏ ਤੂੰ ਫਾਟਕ ਖੋਲ੍ਹ ਮੈਂ ਫੌਜੀ ਨੂੰ ਘਰ ਛੱਡ ਕੇ ਆਉਣਾ'। ਮੈਂ ਹੱਥ ਜੋੜ ਕੇ ਉਸ ਨੂੰ ਚੁੱਪ ਕਰਾਇਆ ਤੇ ਸੋਚਿਆ ਕਿ ਮਨਾਂ ਅੱਜ ਬੁਰੇ ਫਸੇ, ਇਹ ਕੋਈ ਪੁੱਠਾ ਪੰਗਾ ਪਾਊ।

ਗੱਡੀ ਜਾਣ 'ਤੇ ਫਾਟਕ ਖੁੱਲ੍ਹਿਆ ਤਾਂ ਉਸ ਨੇ ਫਿਰ ਰਿਕਸ਼ੇ ਦੀ ਫੁੱਲ ਸਪੀਡ 'ਤੇ ਕਿੱਲੀ ਨੱਪ ਦਿੱਤੀ। ਕੁਝ ਕੁ ਵਾਟ ਤੈਅ ਕਰਨ 'ਤੇ ਉਸ ਦਾ ਆਪਣਾ ਪਿੰਡ ਆ ਗਿਆ, ਜਿਸ ਦਾ ਮੈਨੂੰ ਪਤਾ ਨਹੀਂ ਸੀ। ਉਸ ਨੇ ਰਿਕਸ਼ਾ ਬੋਹੜ ਥੱਲੇ ਖੜਾ ਕੀਤਾ ਤੇ ਕਹਿੰਦਾ ਚੱਲ ਫੌਜੀਆਂ ਮੇਰੇ ਘਰੇ ਚੱਲਦੇ ਆਂ। ਦਿਨ ਚੜ੍ਹੇ ਛੱਡ ਕੇ ਆਊਂ, ਨਹੀਂ ਤਾਂ ਫਿਰ ਪੈਗ ਪਾ। ਮੈਂ ਆਖਿਆ, 'ਵੇਖ ਵੀਰ! ਸਿਆਣਾ ਬਣ। ਘਰੇ ਪਹੁੰਚ ਕੇ ਜਿੰਨੀ ਮਰਜ਼ੀ ਡੱਫ ਲਵੀਂ।' ਉਹ ਕਿੱਥੋਂ ਮੰਨੇ। ਮੈਂ ਫਸੀ ਨੂੰ ਫਟਕਣ ਸਮਝ ਕੇ ਰੰਮ ਦਾ ਸਟੀਲ ਦਾ ਗਲਾਸ ਫਿਰ ਦੇ ਦਿੱਤਾ। ਉਹ ਝੱਟ ਖਿੱਚ ਗਿਆ ਤੇ ਰਿਕਸ਼ਾ ਤੋਰ ਲਿਆ। ਰਸਤੇ 'ਚ ਮੈਨੂੰ ਫਿਰ ਆਖੇ, 'ਓ ਫੌਜੀਆਂ! ਰੰਮ ਦੇ।' ਫਿਰ ਥੋੜ੍ਹਾ ਸਖਤੀ ਨਾਲ ਆਖਿਆ ਕਿ ਚੁੱਪ ਕਰਕੇ ਤੁਰਿਆ ਚੱਲ ਨਹੀਂ ਤਾਂ ਘਸੁੰਨ ਪੈਣਗੇ। ਪਿੰਡ ਨੇੜੇ ਜਾ ਕੇ ਜਦ ਮੈਂ ਰੰਮ ਦੀ ਬੋਤਲ ਵੇਖੀ ਤਾਂ ਤਕਰੀਬਨ ਖਤਮ ਹੋਣ ਵਾਲੀ ਸੀ। ਧੁੰਦ ਕਾਰਨ ਅਜੇ ਵੀ ਹਨੇਰਾ ਹੀ ਸੀ।

ਜਦ ਰਿਕਸ਼ਾ ਘਰ ਦੇ ਦਰਵਾਜ਼ੇ ਮੂਹਰੇ ਜਾ ਪੁੱਜਾ ਤਾਂ ਮੇਰੇ ਉਤਰਨ ਤੋਂ ਪਹਿਲਾਂ ਉਹ ਨਸ਼ਾ ਵੱਧ ਹੋਣ ਕਾਰਨ ਰਿਕਸ਼ੇ ਦੇ ਹੈਂਡਲ 'ਤੇ ਟੇਢਾ ਹੋ ਗਿਆ। ਮੈਂ ਫੁਰਤੀ ਨਾਲ ਰਿਕਸ਼ੇ ਤੋਂ ਸਾਮਾਨ ਉਤਾਰਿਆ ਤੇ ਦਰਵਾਜ਼ਾ ਖੜਕਾਇਆ। ਆਪਣਾ ਸਾਮਾਨ ਵਰਾਂਡੇ 'ਚ ਰੱਖ ਕੇ ਬਾਪੂ ਤੇ ਸੀਰੀ ਦੀ ਮਦਦ ਨਾਲ ਉਸ ਨੂੰ ਰਿਕਸ਼ੇ ਦੇ ਹੈਂਡਲ ਤੋਂ ਲਾਹ ਕੇ ਮੰਜੇ 'ਤੇ ਪਾਇਆ। ਮੰਜਾ ਤੂੜੀ ਵਾਲੇ ਅੰਦਰ ਡਾਹ ਦਿੱਤਾ ਤੇ ਉਸ ਦਾ ਰਿਕਸ਼ਾ ਵਿਹੜੇ 'ਚ ਖੜਾ ਕਰ ਦਿੱਤਾ। ਮੈਂ ਤੇ ਸੀਰੀ ਨੇ ਉਸ ਨੂੰ ਬਥੇਰਾ ਜਗਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਬੇਸੁਰਤ ਮੰਜੇ 'ਤੇ ਪਿਆ ਸੀ। ਮੈਂ ਸੋਚ ਰਿਹਾ ਸੀ ਕਿ ਜ਼ਿਆਦਾ ਰੰਮ ਪੀਣ ਨਾਲ ਜੇ ਏਹਦਾ ਘੋਗਾ ਚਿੱਤ ਹੋ ਗਿਆ ਤਾਂ ਨੌਕਰੀ ਵੀ ਜਾਊ ਤੇ ਨਾਲ ਹੀ ਜੇਲ੍ਹ ਦੀਆਂ ਰੋਟੀਆਂ ਖਾਣੀਆਂ ਪੈਣਗੀਆਂ। ਸਾਡਾ ਸੀਰੀ ਸ਼ਰਾਬੀ ਬੰਦੇ ਦਾ ਭੇਤੀ ਸੀ। ਕਹਿੰਦਾ, 'ਫੌਜੀਆਂ! ਮੈਂ ਗੁਆਂਢੀਆਂ ਦਾ ਟਰੈਕਟਰ ਟਰਾਲੀ ਲੈ ਆਉਂਦਾ ਹਾਂ। ਇਸ ਨੂੰ ਇਸ ਦੇ ਪਿੰਡ ਪੁੱਜਦਾ ਕਰੀਏ। ਜੇ ਮਰ ਗਿਆ ਤਾਂ ਆਪਾ ਬੱਝੇ ਸਮਝੋ। ਘੱਟ ਤੋਂ ਘੱਟ ਵੀਹ ਸਾਲ ਸਜ਼ਾ ਪੱਕੀ ਹੈ।' ਅਸੀਂ ਟਰਾਲੀ 'ਚ ਉਸ ਦਾ ਮੰਜਾ ਰੱਖਿਆ ਤੇ ਨਾਲ ਪਿਛਲੇ ਪਾਸੇ ਰਿਕਸ਼ਾ ਲੋਡ ਕਰ ਦਿੱਤਾ। ਉਸ ਦੇ ਪਿੰਡ ਜਾ ਕੇ ਪੁੱਛ ਪਛਾ ਕੇ ਘਰ ਲੱਭ ਲਿਆ। ਜਦ ਟਰਾਲੀ ਵਿੱਚੋਂ ਮੰਜਾ ਉਤਾਰਿਆ ਤਾਂ ਉਸ ਦੀ ਮਾਂ ਤੇ ਘਰਵਾਲੀ ਨੇ ਪਿੱਟ ਸਿਆਪਾ ਸ਼ੁਰੂ ਕਰ ਦਿੱਤਾ ਕਿ ਤੁਸੀਂ ਸਾਡਾ ਬੰਦਾ ਮਾਰ ਦਿੱਤਾ। ਏਨੇ ਨੂੰ ਭੀੜ ਵਿੱਚ ਕੋਈ ਸਿਆਣਾ ਬੰਦਾ ਡਾਕਟਰ ਨੂੰ ਬੁਲਾ ਲਿਆਇਆ। ਡਾਕਟਰ ਦੇ ਟੀਕੇ ਲਾਉਣ ਮਗਰੋਂ ਉਸ ਨੂੰ ਕੁਝ ਹੋਸ਼ ਆਈ ਤੇ ਘਰ ਵਾਲੇ ਚੁੱਪ ਕਰਕੇ ਬਹਿ ਗਏ।



ਉਸ ਨੂੰ ਘਰ ਛੱਡ ਕੇ ਜਦੋਂ ਖੱਜਲ ਹੋ ਕੇ ਘਰ ਪਹੁੰਚੇ ਤਾਂ ਬਾਪੂ ਵੱਖਰਾ ਆਖੇ, 'ਓ ਫੌਜੀਆਂ! ਮੈਨੂੰ ਇਹ ਦੱਸ ਤੇਰੀ ਮੱਤ ਭਲਾ ਅਜੇ ਵੀ ਗਿੱਟਿਆਂ 'ਚ ਐ। ਕਿਹੜਾ ਏਥੇ ਚੂੜੇ ਵਾਲੀ ਉਡੀਕਦੀ ਸੀ ਜਿਹੜਾ ਰਾਤ ਨੂੰ ਰਿਕਸ਼ੇ 'ਤੇ ਆਉਣਾ ਸੀ। ਦਿਨ ਚੜ੍ਹੇ ਆਰਾਮ ਨਾਲ ਬੱਸ 'ਤੇ ਆ ਜਾਂਦਾ। ਜੇ ਰਿਕਸ਼ਾ ਕਰ ਹੀ ਲਿਆ ਸੀ ਤਾਂ ਰਿਕਸ਼ੇ ਵਾਲਾ ਕਿਹੜਾ ਪਟਿਆਲੇ ਦਾ ਰਾਜਾ ਸੀ, ਜਿਸ ਨੂੰ ਰੰਮ ਪਿਆਉਣੀ ਜ਼ਰੂਰੀ ਸੀ।' ਮੈਂ ਮਨ ਵਿੱਚ ਸੋਚੀ ਜਾਵਾਂ ਕਿ ਰੰਗਰੂਟਾ ਇਹ ਤਾਂ ਉਹੀ ਗੱਲ ਹੋਈ 'ਨਾਲੇ ਪੱਲਿਓਂ ਰੰਮ ਪਿਲਾਈ ਤੇ ਨਾਲੇ ਖੇਹ ਸਿਰ ਪੁਆਈ।' ਚਾਹੇ ਇਹ ਘਟਨਾ ਵਾਪਰੀ ਨੂੰ 33 ਸਾਲ ਬੀਤ ਗਏ, ਪਰ ਅਜੇ ਵੀ ਉਹ ਰਿਕਸ਼ੇਵਾਲਾ ਨਹੀਂ ਭੁੱਲਦਾ।


For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ

- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL

LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal(Certified Electrician)647-716-2677

DIXIE Registered Private Career College

TRUCK & FORKLIFT DRIVING SCHOOL

CLASS A,Z & FORKLIFT TRAINING

Contact Us for Great Results, Early Road Tests & Flexible Timing

- Special Training For Nervous Drivers
- Lady Instructor Available
- One to One Training

Forklift $79
Air Brake
Truck Driving Course

- Counter Balance
- Order Picker
- Raymond Reach
- Walkie
- Cheery Picker

AIR BRAKES CLASSES EVERY WED - THURS & SAT - SUN

Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਭਾਰਤ ਦੇ ਮੋਟੀ ਚਮੜੀ ਵਾਲੇ ਆਗੂਆਂ ਨੂੰ ਲੋਕਾਂ ਦੀਆਂ ਮੌਤਾਂ ਨਾਲ ਕੋਈ ਫਰਕ ਹੀ ਨਹੀਂ ਪੈਂਦਾ



ਜਤਿੰਦਰ ਪੰਨੂ

'ਬਦੀ ਦਾ ਪ੍ਰਤੀਕ' ਕਹਿ ਕੇ ਸਾਰੇ ਭਾਰਤ ਵਿੱਚ ਜਦੋਂ ਰਾਵਣ ਦੇ ਬੁੱਤਾਂ ਨੂੰ ਸਾੜਿਆ ਜਾ ਰਿਹਾ ਸੀ, ਅੰਮ੍ਰਿਤਸਰ ਤੋਂ ਉਸ ਵਕਤ ਇਹ ਖਬਰ ਆ ਗਈ ਕਿ ਰਾਵਣ ਸੜਦਾ ਵੇਖ ਰਹੇ ਲੋਕਾਂ ਉੱਤੇ ਦੋ ਰੇਲ ਗੱਡੀਆਂ ਆਣ ਚੜ੍ਹੀਆ ਤੇ ਸੱਠਾਂ ਤੋਂ ਵੱਧ ਲੋਕ ਮਾਰੇ ਗਏ ਹਨ। ਇਹ ਲੋਕ ਰੇਲਵੇ ਲਾਈਨਾਂ ਉੱਤੇ ਖੜੋ ਕੇ ਦਸਹਿਰੇ ਦੀ ਰੌਣਕ ਦਾ ਮਜ਼ਾ ਲੈ ਰਹੇ ਸਨ ਤੇ ਇਸ ਗੱਲ ਵੱਲ ਕਿਸੇ ਦਾ ਧਿਆਨ ਹੀ ਨਹੀਂ ਸੀ ਕਿ ਓਥੋਂ ਲੰਘਦੀਆਂ ਤਿੰਨ ਲਾਈਨਾਂ ਵਿੱਚੋਂ ਕਿਸੇ ਉੱਤੇ ਕਿਸੇ ਵਕਤ ਕੋਈ ਗੱਡੀ ਵੀ ਆ ਸਕਦੀ ਹੈ। ਅੰਮ੍ਰਿਤਸਰ-ਦਿੱਲੀ ਰੂਟ ਦੀਆਂ ਦੋ ਲਾਈਨਾਂ ਦੇ ਨਾਲ ਓਥੋਂ ਬਟਾਲਾ-ਗੁਰਦਾਸਪੁਰ ਵਾਲੀ ਰੇਲ ਲਾਈਨ ਵੀ ਲੰਘਦੀ ਹੈ ਤੇ ਦੋਵਾਂ ਰੂਟਾਂ ਦਾ ਨਿਖੇੜਾ ਓਥੋਂ ਹੋਣ ਕਾਰਨ ਦੋ ਫਾਟਕ ਨਾਲੋ ਨਾਲ ਬਣੇ ਹੋਏ ਹਨ, ਜਿਨ੍ਹਾਂ ਨੂੰ ਜੌੜੇ ਫਾਟਕ ਕਿਹਾ ਜਾਂਦਾ ਹੈ। ਅਚਾਨਕ ਇੱਕ ਪਾਸੇ ਤੋਂ ਗੱਡੀ ਆ ਗਈ, ਲੋਕ ਮਿੱਧੇ ਜਾਣ ਲੱਗੇ ਤਾਂ ਬਚਣ ਲਈ ਦੂਸਰੇ ਟਰੈਕ ਉੱਤੇ ਜਾ ਚੜ੍ਹੇ, ਜਿੱਥੇ ਦੂਸਰੇ ਪਾਸੇ ਤੋਂ ਗੱਡੀ ਆਉਂਦੀ ਪਈ ਸੀ। ਨਤੀਜੇ ਵਜੋਂ ਲਾਸ਼ਾਂ ਦੇ ਢੇਰ ਲੱਗਦੇ ਗਏ।

ਇਸ ਹਾਦਸੇ ਨੂੰ ਕਈ ਪੱਖਾਂ ਤੋਂ ਵੇਖਣ ਤੇ ਸਬਕ ਸਿੱਖਣ ਦੀ ਲੋੜ ਹੈ, ਪਰ ਪਿਛਲੇ ਸਮੇਂ ਦਾ ਤਜਰਬਾ ਇਹੋ ਹੈ ਕਿ ਜਿੰਨੇ ਦਿਨ ਪੀੜਤਾਂ ਦੀਆਂ ਚੀਕਾਂ ਸੁਣਦੀਆਂ ਰਹਿੰਦੀਆਂ ਹਨ, ਚਰਚਾ ਹੁੰਦੀ ਹੈ ਤੇ ਫਿਰ ਕੁਝ ਨਹੀਂ ਹੁੰਦਾ।

ਭਾਰਤ ਵਿੱਚ ਹੁੰਦੇ ਰੇਲ ਹਾਦਸਿਆਂ ਦਾ ਪਹਿਲਾ ਅਹਿਮ ਪੱਖ ਦੋ ਹਿੱਸਿਆਂ ਵਿੱਚ ਵੰਡ ਕੇ ਵੇਖਿਆ ਜਾਵੇ ਤਾਂ ਅਸਲੀ ਗੱਲ ਕੁਝ-ਕੁਝ ਪੱਲੇ ਪੈ ਸਕਦੀ ਹੈ। ਇੱਕ ਪੱਖ ਤਕਨੀਕੀ ਨੁਕਸਾਂ ਦਾ ਹੈ। ਇੱਕ ਥਾਂ ਰੇਲਵੇ ਲਾਈਨ ਵਿੱਚ ਕਿਤੇ ਕੋਈ ਪੇਚ ਢਿੱਲਾ ਰਹਿ ਗਿਆ, ਲਾਈਨ ਉੱਖੜ ਜਾਣ ਕਾਰਨ ਓਥੋਂ ਲੰਘਦੀ ਗੱਡੀ ਉਲਟ ਗਈ ਤੇ ਓਨੀ ਦੇਰ ਨੂੰ ਦੂਸਰੀ ਗੱਡੀ ਓਸੇ ਥਾਂ ਪਹੁੰਚ ਕੇ ਪਹਿਲੀ ਗੱਡੀ ਵਿੱਚ ਜਾ ਵੱਜੀ ਤੇ ਪੰਜਾਬ ਵਿੱਚ ਵਾਪਰੇ ਇਸ ਹਾਦਸੇ ਵਿੱਚ ਮੌਤਾਂ ਦੀ ਗਿਣਤੀ ਦੋ ਸੌ ਤੋਂ ਟੱਪ ਗਈ ਸੀ। ਇਹ ਕੁਝ ਕਈ ਥਾਂਈਂ ਵਾਪਰ ਚੁੱਕਾ ਹੈ। ਦੂਸਰਾ ਪੱਖ ਲਾਪਰਵਾਹੀ ਦੀ ਸਿਖਰ ਹੈ, ਜਿਸ ਕਾਰਨ ਢਾਈ ਦਹਾਕੇ ਪਹਿਲਾਂ ਕਾਨਪੁਰ ਨੇੜੇ ਇੱਕੋ ਹਾਦਸੇ ਵਿੱਚ ਤਿੰਨ ਸੌ ਸੱਠ ਦੇ ਕਰੀਬ ਮੌਤਾਂ ਹੋਈਆਂ ਸਨ। ਕਾਰਨ ਇਹ ਬਣਿਆ ਕਿ ਓਥੋਂ ਲੰਘਦੀ ਕਾਲਿੰਦੀ ਐਕਸਪ੍ਰੈੱਸ ਦੇ ਅੱਗੇ ਇੱਕ ਆਵਾਰਾ ਫਿਰਦੀ ਗਾਂ ਰੇਲਵੇ ਟਰੈਕ ਉੱਤੇ ਆ ਗਈ ਅਤੇ ਮਰਨ ਪਿੱਛੋਂ ਗੱਡੀ ਦੇ ਇੰਜਣ ਵਿੱਚ ਫਸਣ ਨਾਲ ਸਿਸਟਮ ਜਾਮ ਹੋ ਗਿਆ। ਇਹ ਹਾਦਸਾ ਰੇਲਵੇ ਸਿਗਨਲ ਦੇ ਬਰਾਬਰ ਹੋਇਆ ਅਤੇ ਅੱਧੀ ਗੱਡੀ ਅੱਗੇ ਤੇ ਅੱਧੀ ਪਿੱਛੇ ਹੋਣ ਕਾਰਨ ਸਿਗਨਲ ਵੀ ਹਰਾ ਜਗਦਾ ਫਸ ਗਿਆ। ਓਨੀ ਦੇਰ ਨੂੰ ਪੁਰਸ਼ੋਤਮ ਐਕਸਪ੍ਰੈੱਸ ਵੀ ਪਿੱਛੋਂ ਆ ਗਈ ਤੇ ਅੱਗੇ ਖੜੀ ਕਾਲਿੰਦੀ ਐਕਸਪ੍ਰੈੱਸ ਵਿੱਚ ਸਿੱਧੀ ਜਾ ਵੱਜਣ ਨਾਲ ਕਹਿਰ ਵਾਪਰ ਗਿਆ ਸੀ।

ਦੂਸਰਾ ਅਹਿਮ ਪੱਖ ਖਤਰੇ ਬਾਰੇ ਦੱਸਣ ਦੇ ਬਾਵਜੂਦ ਉਸ ਨੂੰ ਲੋਕਾਂ ਵੱਲੋਂ ਅਣਗੌਲੇ ਕਰਨ ਦਾ ਹੈ। ਕੁੰਭ ਮੇਲੇ ਵੇਲੇ ਇੱਕ ਵਾਰੀ ਲੋਕਾਂ ਨੂੰ ਗੱਡੀਆਂ ਵਿੱਚ ਥਾਂ ਨਾ ਮਿਲੀ ਤਾਂ ਛੱਤਾਂ ਉੱਤੇ ਚੜ੍ਹ ਗਏ ਤੇ ਰਾਤ ਦੇ ਵਕਤ ਅੱਗੇ ਆਉਂਦੇ ਪੁਲ ਨਾਲ ਵੱਜ-ਵੱਜ ਕੇ ਹੇਠਾਂ ਡਿੱਗਦੇ ਗਏ ਸਨ। ਇਹੋ ਜਿਹੇ ਹਾਦਸੇ ਵੀ ਕਈ ਵਾਰੀ ਵਾਪਰ ਚੁੱਕੇ ਹਨ। ਕਿਸੇ ਵੱਡੇ ਮੇਲੇ ਵੇਲੇ ਇਹੋ ਜਿਹਾ ਹਾਦਸਾ ਹੋਣਾ ਆਮ ਜਿਹੀ ਗੱਲ ਹੁੰਦੀ ਹੈ। ਲੋਕ ਫਿਰ ਵੀ ਇਸ ਦੀ ਪਰਵਾਹ ਨਹੀਂ ਕਰਦੇ।



ਤੀਸਰਾ ਪੱਖ ਸਾਡੇ ਮੇਲਿਆਂ ਮੌਕੇ ਵਰਤੀ ਜਾਂਦੀ ਆਮ ਲਾਪਰਵਾਹੀ ਦਾ ਹੈ। ਅੰਮ੍ਰਿਤਸਰ ਦੇ ਦਸਹਿਰਾ ਮੇਲੇ ਦੌਰਾਨ ਵਾਪਰੀ ਤਾਜ਼ਾ ਘਟਨਾ ਇਸੇ ਦਾ ਨਮੂਨਾ ਹੈ। ਪਿਛਲੇ ਕਈ ਸਾਲਾਂ ਤੋਂ ਉਸ ਥਾਂ ਇਹ ਮੇਲਾ ਕਰਵਾਇਆ ਜਾਂਦਾ ਸੀ, ਪ੍ਰਬੰਧਕ ਮਨਜ਼ੂਰੀ ਲੈਂਦੇ ਸਨ ਜਾਂ ਨਹੀਂ, ਇਹ ਤਾਂ ਪਤਾ ਨਹੀਂ, ਪਰ ਓਥੇ ਸੰਕਟ ਦੀ ਘੜੀ ਬਾਰੇ ਸੋਚਣ ਦੀ ਲੋੜ ਕਦੀ ਵੀ ਨਹੀਂ ਸੀ ਸਮਝੀ ਗਈ। ਜੇ ਸਮਝੀ ਗਈ ਹੁੰਦੀ ਤਾਂ ਸਥਾਨਕ ਪ੍ਰਸ਼ਾਸਨ ਜਾਂ ਰੇਲਵੇ ਵਿਭਾਗ ਦੇ ਅਧਿਕਾਰੀਆਂ ਨੂੰ ਏਦਾਂ ਦੀ ਥਾਂ ਉਚੇਚੇ ਬੈਰੀਕੇਡ ਵਗੈਰਾ ਲਾਉਣ ਬਾਰੇ ਸੋਚਣਾ ਚਾਹੀਦਾ ਸੀ, ਤਾਂ ਕਿ ਲੋਕ ਕਿਸੇ ਹਾਦਸੇ ਦਾ ਸ਼ਿਕਾਰ ਨਾ ਹੋਣ। ਇਹੋ ਨਹੀਂ, ਉਨ੍ਹਾਂ ਨੂੰ ਇਹੋ ਜਿਹੇ ਮੌਕੇ ਰੇਲ ਗੱਡੀ ਦੇ ਡਰਾਈਵਰ ਨੂੰ ਵੀ ਕਹਿ ਦੇਣਾ ਚਾਹੀਦਾ ਸੀ ਕਿ ਉਹ ਉਸ ਥਾਂ ਤੋਂ ਸਪੀਡ ਹੌਲੀ ਰੱਖੇ ਤਾਂ ਕਿ ਲੋਕ ਬਚੇ ਰਹਿਣ। ਇਹੋ ਜਿਹੀ ਕਿਸੇ ਤਰ੍ਹਾਂ ਦੀ ਕੋਈ ਹਦਾਇਤ ਨਹੀਂ ਸੀ ਕੀਤੀ ਗਈ। ਹਾਦਸਾ ਹੋਣ ਪਿੱਛੋਂ ਜਿੱਥੇ ਕਿਤੇ ਚਰਚਾ ਹੋ ਰਹੀ ਹੈ, ਉਹ ਹਰ ਵਿਅਕਤੀ ਸਿਰਫ ਅੰਮ੍ਰਿਤਸਰ ਦੇ ਇਸ ਹਾਦਸੇ ਤੱਕ ਸੀਮਤ ਹੋ ਕੇ ਗੱਲ ਕਰਦਾ ਹੈ। ਤਿੰਨ ਦਰਜਨ ਦੇ ਕਰੀਬ ਸ਼ਹਿਰਾਂ ਤੋਂ ਛਪਦੇ ਹਿੰਦੀ ਦੇ ਇੱਕ ਕੌਮੀ ਅਖਬਾਰ ਨੇ ਇਹ ਹੈਰਾਨੀ ਭਰੀ ਰਿਪੋਰਟ ਛਾਪੀ ਹੈ ਕਿ ਸਿਰਫ ਲੁਧਿਆਣੇ ਵਿੱਚ ਹੀ ਪੰਜ ਥਾਂਈਂ ਰੇਲਵੇ ਲਾਈਨਾਂ ਦੇ ਨਾਲ-ਨਾਲ ਰਾਵਣ ਦੇ ਪੁਤਲੇ ਫੂਕੇ ਜਾ ਰਹੇ ਸਨ। ਅੰਮ੍ਰਿਤਸਰ ਵਿੱਚ ਕਿੰਨੇ ਥਾਂਈਂ ਸਨ ਤੇ ਜਲੰਧਰ ਜਾਂ ਹੋਰ ਥਾਂਈਂ ਇਹੋ ਜਿਹੇ ਕਿੰਨੇ ਰਾਵਣ ਰੇਲਵੇ ਲਾਈਨਾਂ ਕਿਨਾਰੇ ਸਾੜੇ ਗਏ ਹੋਣਗੇ, ਇਸ ਦੀ ਸੂਚੀ ਛਾਪਣ ਦੀ ਥਾਂ ਇੱਕ ਅਖਬਾਰ ਨੇ ਇਹ ਲਿਖਿਆ ਹੈ ਕਿ ਸਾਰੇ ਪੰਜਾਬ ਵਿੱਚੋਂ ਇਹੋ ਜਿਹੀਆਂ ਇੱਕੀ ਥਾਂਵਾਂ ਬਣਦੀਆਂ ਹਨ। ਇਨ੍ਹਾਂ ਸਭਨਾਂ ਥਾਂਵਾਂ ਬਾਰੇ ਰੇਲਵੇ ਵਿਭਾਗ ਨੂੰ ਪਤਾ ਕਿਉਂ ਨਹੀਂ ਲੱਗਾ ਤੇ ਜੇ ਲੱਗਾ ਤਾਂ ਕੋਈ ਪ੍ਰਬੰਧ ਕਿਉਂ ਨਾ ਕੀਤੇ ਗਏ, ਇਸ ਬਾਰੇ ਨਾ ਕਿਸੇ ਨੇ ਬਹੁਤਾ ਪੁੱਛਣਾ ਹੈ ਤੇ ਨਾ ਕਿਸੇ ਨੇ ਜਵਾਬਦੇਹੀ ਤੈਅ ਕਰਨੀ ਹੈ।

ਭਾਰਤ ਦੀ ਸਰਕਾਰ ਅਤੇ ਭਾਰਤੀਅਤਾ ਦੀ ਬੁਲੰਦੀ ਦੇ ਹੱਦੋਂ ਬਾਹਰੇ ਢੰਡੋਰੇਬਾਜ਼ ਇਹ ਗੱਲ ਬੜੇ ਮਾਣ ਨਾਲ ਕਹੀ ਜਾਂਦੇ ਹਨ ਕਿ ਭਾਰਤ ਅਗਲੇ ਸਾਲਾਂ ਵਿੱਚ ਸੰਸਾਰ ਦਾ ਅਗਵਾਨੂੰ ਦੇਸ਼ ਬਣਨ ਵਾਲਾ ਹੈ। ਚੰਗੀ ਗੱਲ ਹੈ ਕਿ ਬਣ ਜਾਵੇ, ਪਰ ਗੱਲ ਸਿਰਫ ਅਗਵਾਨੂੰ ਕਹਾਉਣ ਦੀ ਨਹੀਂ, ਮਿਆਰਾਂ ਦੀ ਵੀ ਹੈ। ਪੰਜਾਬੀ ਦਾ ਮੁਹਾਵਰਾ ਹੈ ਕਿ 'ਗੱਲੀਂ ਬਾਤੀਂ ਮੈਂ ਵੱਡੀ, ਕਰਤੂਤੀਂ ਵੱਡੀ ਜੇਠਾਣੀ'। ਅਸੀਂ ਗੱਲਾਂ ਵਿੱਚ ਵੱਡੇ ਹਾਂ, ਮਿਆਰਾਂ ਵਿੱਚ ਬਹੁਤ ਊਣੇ ਹਾਂ। ਜਿਹੜੇ ਅਮਰੀਕਾ, ਬ੍ਰਿਟੇਨ ਅਤੇ ਹੋਰ ਵਿਕਸਤ ਦੇਸ਼ਾਂ ਨਾਲ ਮੁਕਾਬਲਾ ਕਰਨ ਨੂੰ ਤਾਂਘਦੇ ਹਾਂ, ਉਨ੍ਹਾਂ ਵਿੱਚ ਇਹੋ ਜਿਹਾ ਕੋਈ ਸਮਾਗਮ ਹੋਣਾ ਹੋਵੇ ਤਾਂ ਇਸ ਬਾਰੇ ਪਹਿਲਾ ਫੈਸਲਾ ਇਹ ਹੁੰਦਾ ਹੈ ਕਿ ਅੱਗ ਦਾ ਭਾਂਬੜ ਮੱਚਣਾ ਹੈ ਤਾਂ ਇਹ ਜਨਤਕ ਵਸੇਬੇ ਦੀਆਂ ਥਾਂਵਾਂ ਤੋਂ ਦੂਰ ਕਿਸੇ ਗਰਾਊਂਡ ਵਿੱਚ ਕਰਵ-ਾਇਆ ਜਾਵੇ। ਦੂਸਰਾ ਇਹ ਕਿ ਉਸ ਥਾਂ ਅੱਗ ਬੁਝਾਉਣ ਅਤੇ ਕਿਸੇ ਹਾਦਸੇ ਵਕਤ ਜ਼ਖਮੀ ਹੋ ਰਹੇ ਲੋਕਾਂ ਨੂੰ ਸੰਭਾਲਣ ਲਈ ਐਂਬੂਲੈਂਸ ਗੱਡੀਆਂ ਤੇ ਡਾਕਟਰੀ ਟੀਮਾਂ ਦਾ ਉਚੇਚਾ ਅਤੇ ਅਗੇਤਾ ਪ੍ਰਬੰਧ ਕੀਤਾ ਜਾਵੇ। ਭਾਰਤ ਦਾ ਬਾਬਾ ਆਦਮ ਨਿਰਾਲਾ ਹੈ। ਹਜ਼ਾਰਾਂ ਕੀ, ਕਈ ਵਾਰ ਦਿੱਲੀ ਵਿੱਚ ਲੱਖਾਂ ਵਰਗੀ ਭੀੜ ਵਾਲੇ ਮੈਦਾਨ ਵਿੱਚ ਅਸੀਂ ਇਸ ਦੇਸ਼ ਦੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਤੱਕ ਨੂੰ ਜਾਂਦੇ ਅਤੇ ਰਸਮਾਂ ਪੂਰੀਆਂ ਕਰ ਕੇ ਫਿਰ ਰਾਵਣ ਦੇ ਬੁੱਤ ਵੱਲ ਤੀਰ ਚਲਾ ਕੇ ਫੋਟੋ ਖਿਚਵਾਉਂਦੇ ਵੇਖਦੇ ਹਾਂ। ਜਿੰਨੀ ਭੀੜ ਓਥੇ ਹੁੰਦੀ ਹੈ, ਕਿਸੇ ਦਿਨ ਜ਼ਰਾ ਜਿੰਨੀ ਚਿੰਗਾੜੀ ਭੜਕ ਗਈ ਤਾਂ ਸਭ ਕਿਸਮਾਂ ਦੇ ਅਹਿਮ ਵਿਅਕਤੀ ਘਿਰੇ ਰਹਿ ਜਾਣਗੇ ਜਾਂ ਫਿਰ ਉਹ ਕੁਝ ਕਰਨਗੇ, ਜੋ ਡੱਬਵਾਲੀ ਵਿੱਚ ਕੀਤਾ ਸੀ।



ਦਸੰਬਰ 1995 ਵਿੱਚ ਡੱਬਵਾਲੀ ਵਿੱਚ ਡੀ ਏ ਵੀ ਪਬਲਿਕ ਸਕੂਲ ਦਾ ਸਮਾਗਮ ਸੀ। ਅਚਾਨਕ ਅੱਗ ਭੜਕੀ ਤੇ ਫਿਰ ਕਾਬੂ ਤੋਂ ਬਾਹਰ ਹੋ ਗਈ। ਸਮਾਗਮ ਇੱਕ ਮੈਰਿਜ ਪੈਲੇਸ ਵਿੱਚ ਹੋ ਰਿਹਾ ਸੀ। ਡਿਪਟੀ ਕਮਿਸ਼ਨਰ ਤੇ ਹੋਰ ਅਹਿਮ ਵਿਅਕਤੀ ਸਟੇਜ ਉੱਤੇ ਸਨ ਤੇ ਉਨ੍ਹਾਂ ਦੇ ਪਿੱਛੇ ਕੰਧ ਵਿੱਚ ਕੋਈ ਦਰਵਾਜ਼ਾ ਨਹੀਂ ਸੀ। ਉਨ੍ਹਾਂ ਨੇ ਅੱਗ ਬੁਝਾਉਣ ਦੇ ਪ੍ਰਬੰਧਾਂ ਦੀ ਚਿੰਤਾ ਕਰਨ ਦੀ ਥਾਂ ਆਪ ਨਿਕਲਣ ਵਾਸਤੇ ਜਦੋਂ ਵੇਖਿਆ ਕਿ ਮੁੱਖ ਦਰਵਾਜ਼ੇ ਵੱਲ ਭੀੜ ਹੈ ਤਾਂ ਟਰੈਕਟਰ ਟਰਾਲੀ ਦੀ ਟੱਕਰ ਨਾਲ ਪਿਛਲੀ ਕੰਧ ਨੂੰ ਤੁੜਵਾ ਕੇ ਨਿਕਲ ਗਏ ਤੇ ਲੋਕ ਸੜ ਕੇ ਮਰਦੇ ਰਹੇ ਸਨ। ਉਸ ਕਾਂਡ ਵਿੱਚ ਮਾਰੇ ਗਏ ਪੰਜ ਸੌ ਚਾਲੀ ਲੋਕਾਂ ਵਿੱਚੋਂ ਇੱਕ ਸੌ ਸੱਤਰ ਸਿਰਫ ਬੱਚੇ ਸਨ। ਭਾਰਤ ਵਿੱਚ ਕਿਸੇ ਥਾਂ ਰਾਮ ਲੀਲਾ ਜਾਂ ਕੋਈ ਦਸਹਿਰਾ ਆਦਿ ਦਾ ਕੋਈ ਵੀ ਸਮਾਗਮ ਹੁੰਦਾ ਜਦੋਂ ਵੀ ਵੇਖਦੇ ਹਾਂ, ਮੈਨੂੰ ਹਰ ਵਾਰੀ ਉਹ ਡੱਬਵਾਲੀ ਦਾ ਕਾਂਡ ਯਾਦ ਆ ਜਾਂਦਾ ਹੈ, ਬੱਚਿਆਂ ਦੀਆਂ ਭੜਥਾ ਬਣੀਆਂ ਲਾਸ਼ਾਂ ਦਿੱਸਦੀਆਂ ਹਨ, ਵੀ ਆਈ ਪੀ ਲੋਕਾਂ ਦਾ ਖਿਸਕ ਜਾਣਾ ਚੇਤੇ ਆਉਂਦਾ ਤੇ ਮਨ ਮਸੋਸਿਆ ਜਾਂਦਾ ਹੈ। ਕਾਸ਼! ਇਹ ਸਾਰਾ ਕੁਝ ਇਸ ਦੇਸ਼ ਦੇ ਲੀਡਰਾਂ ਦੀ ਨੀਂਦ ਉਡਾ ਸਕਦਾ। ਬਦਕਿਸਮਤੀ ਨਾਲ ਭਾਰਤ ਦੇ ਲੀਡਰਾਂ ਦੀ ਚਮੜੀ ਬੜੀ ਮੋਟੀ ਹੈ, ਉਨ੍ਹਾਂ ਨੂੰ ਏਸੇ ਲਈ ਏਦਾਂ ਦੀਆਂ ਗੱਲਾਂ ਨਾਲ ਫਰਕ ਨਹੀਂ ਪੈਂਦਾ।

# ਸਰਕਾਰ ਅਤੇ ਵਾਜਬ ਸਰਕਾਰੀ ਰੁਜ਼ਗਾਰ

-ਕੁਲਜੀਤ ਬੈਂਸ

ਕੁਝ ਅਧਿਆਪਕਾਂ ਨੂੰ ਪੱਕੇ ਕਰਨ ਦੀ ਸਰਕਾਰੀ ਤਜਵੀਜ਼ ਨਾਲ ਰੋਸ ਵਿਖਾਵਿਆਂ ਦਾ ਤੂਫਾਨ ਉਠ ਖੜਾ ਹੋਇਆ ਹੈ ਤੇ ਇਹ ਨਿੱਤ ਦਿਨ ਲਗਾਤਾਰ ਚੜ੍ਹ ਰਿਹਾ ਹੈ। ਅਸਲ ਵਿੱਚ ਇਹ ਕੰਮ ਚਲਾਊ ਪਹੁੰਚ, ਫੰਡਾਂ ਦੀ ਥੁੜ੍ਹ, ਮਾੜੀ ਤਾਮੀਲ, ਬੇਅੰਤ ਬੇਰੁਜ਼ਗਾਰੀ ਅਤੇ ਸਿਆਹੀ ਲਾਹੇ ਵਰਗੀਆਂ ਬਹੁ ਵੰਗਾਰਾਂ ਵਾਲਾ ਮਾਮਲਾ ਹੋ ਨਿੱਬੜਿਆ ਹੈ। ਸਾਰੇ ਮਸਲਿਆਂ ਦਾ ਇਕੱਠਾ ਹੜ੍ਹ ਜਿਹਾ ਆਇਆ ਪਿਆ ਹੈ। ਇਨ੍ਹਾਂ ਮੁੱਦਿਆਂ ਦਾ ਹੱਲ ਸਰਕਾਰ ਦੀ ਵੱਡੀ ਅਜ਼ਮਾਇਸ਼ ਹੋਵੇਗਾ। ਸਰਕਾਰ ਕੋਲ ਦੋ ਰਸਤੇ ਹਨ; ਮਾੜੀ ਮੋਟੀ ਮੱਲ੍ਹਮ ਪੱਟੀ ਨਾਲ ਕੰਮ ਚਲਾਉਣਾ, ਜਾਂ ਸਮੱਸਿਆਵਾਂ ਨੂੰ ਅੱਗਿਓਂ ਹੋ ਕੇ ਟੱਕਰਨਾ।

ਬੁਨਿਆਦੀ ਸਵਾਲ ਰੁਜ਼ਗਾਰ ਸੁਰੱਖਿਆ ਅਤੇ ਕਾਮਿਆਂ ਦੇ ਮਾਣ ਤਾਣ ਦੇ ਉਚੇ ਆਦਰਸ਼ਾਂ ਦੇ ਖਿਲਾਫ ਠੇਕੇ ਉਤੇ ਭਰਤੀ ਦਾ ਹੈ। ਇਹ ਮਸਲਾ ਸਰਕਾਰੀ ਸੇਵਾਵਾਂ ਦੇ ਤਕਰੀਬਨ ਹਰ ਖੇਤਰ ਵਿੱਚ ਫੈਲ ਗਿਆ ਹੈ, ਪਰ ਇਸ ਦਾ ਸਿੱਖਿਆ ਉਤੇ ਖਾਸ ਅਸਰ ਪਿਆ ਹੈ, ਕਿਉਂਕਿ ਇਸ ਖੇਤਰ ਵਿੱਚ ਸਭ ਤੋਂ ਵੱਧ ਮੁਲਾਜ਼ਮ ਹਨ। ਸਰਕਾਰੀ ਨੌਕਰੀ ਦੇ ਮਾਮਲੇ ਵਿੱਚ ਵੱਡੀ ਆਸ, ਰੁਜ਼ਗਾਰ ਦੀਆਂ ਵਾਜਬ ਸ਼ਰਤਾਂ ਦੀ ਹੁੰਦੀ ਹੈ। ਪਿਛਲੇ ਸਾਲਾਂ ਦੌਰਾਨ ਫੰਡਾਂ ਦੀ ਘਾਟ ਅਤੇ ਵੱਖ-ਵੱਖ ਥਾਵਾਂ ਤੋਂ ਫੰਡ ਹਾਸਲ ਹੋਣ ਕਾਰਨ ਅਧਿਆਪਕਾਂ ਦੀ ਨਿਯੁਕਤੀ ਵੱਖ-ਵੱਖ ਸਕੀਮਾਂ ਹੇਠ ਹੋਈ ਹੈ। ਇਨ੍ਹਾਂ ਸਕੀਮਾਂ ਅੰਦਰ ਜਿਉਂ-ਜਿਉਂ ਕੋਈ ਤਰਮੀਮ ਹੋਈ ਜਾਂ ਸਕੀਮ ਖਤਮ ਹੋਈ ਤਾਂ ਰੁਜ਼ਗਾਰ ਸ਼ਰਤਾਂ ਵੀ ਬਦਲ ਗਈਆਂ। ਸਿਧਾਂਤਕ ਤੌਰ ਉਤੇ ਤਾਂ ਇਨ੍ਹਾਂ ਮੁਲਾਜ਼ਮਾਂ ਦਾ ਰੁਜ਼ਗਾਰ ਖੁੱਸ ਵੀ ਸਕਦਾ ਹੈ। ਹਾਲਾਤ ਇਹ ਹਨ ਕਿ ਵੱਖ-ਵੱਖ ਮੁਲਾਜ਼ਮਾਂ (ਅਧਿਆਪਕਾਂ) ਉਤੇ ਵੱਖ-ਵੱਖ ਠੇਕਾ ਸ਼ਰਤਾਂ ਹਨ। ਕਿਸੇ ਇਕੱਲੇ ਦੁਕੱਲੇ ਅਧਿਆਪਕ ਨੂੰ ਭਾਵੇਂ ਖਾਸ ਸ਼ਰਤਾਂ ਹੇਠ ਨਿਆਂ ਮਿਲ ਸਕੇ, ਪਰ ਸਭ ਲਈ ਕੋਈ ਸਾਂਝਾ ਸਕੇਲ ਨਹੀਂ ਹੈ। ਇਸ ਲਈ ਨਿਆਂ ਦੀ ਗੁੰਜਾਇਸ਼ ਬੜੀ ਘੱਟ ਰਹਿ ਜਾਂਦੀ ਹੈ। ਪਟਿਆਲੇ ਰੋਸ ਵਿਖਾਵਾ ਕਰ ਰਹੇ ਅਧਿਆਪਕਾਂ ਦਾ ਮੁੱਖ ਤਰਕ ਇਹੀ ਹੈ।

ਪੱਕੀ ਨੌਕਰੀ ਲਈ ਸ਼ਰਤ ਇਹ ਰੱਖੀ ਗਈ ਹੈ ਕਿ ਇਨ੍ਹਾਂ ਨੂੰ ਹੋਰ ਸਰਕਾਰੀ ਮੁਲਾਜ਼ਮਾਂ ਵਾਂਗ ਤਿੰਨ ਸਾਲ ਸਿਰਫ ਬੇਸਿਕ ਤਨਖਾਹ ਮਿਲੇਗੀ, ਕੋਈ ਹੋਰ ਭੱਤੇ ਨਹੀਂ ਦਿੱਤੇ ਜਾਣਗੇ। ਦੇਖਣ ਨੂੰ ਤਾਂ ਇਹ ਬੜੀ ਵਾਜਬ ਸ਼ਰਤ ਜਾਪਦੀ ਹੈ, ਪਰ ਫਰਕ ਇਹ ਹੈ ਕਿ ਹੋਰ ਮੁਲਾਜ਼ਮ ਰੁਜ਼ਗਾਰ ਹਾਸਲ ਕਰਨ ਵਾਲੇ ਨੌਜਵਾਨ ਹਨ, ਜਦ ਕਿ ਇਹ ਅਧਿਆਪਕ ਆਪਣਾ ਅੱਧਾ ਕਰੀਅਰ ਤੇ ਉਮਰ ਲੰਘਾ ਚੁੱਕੇ ਹਨ, ਇਨ੍ਹਾਂ ਦੇ ਪਰਵਾਰ ਹਨ। ਇਸ ਮਾਮਲੇ ਵਿੱਚ ਅਹਿਮ ਪੱਖ ਬੁਨਿਆਦੀ ਸਿਧਾਂਤ ਦਾ ਵੀ ਹੈ ਕਿ ਇਕ ਵਾਰ ਜੋ ਲਾਭ ਦੇ ਦਿੱਤੇ ਗਏ, ਉਹ ਆਮ ਤੌਰ 'ਤੇ ਵਾਪਸ ਨਹੀਂ ਲਏ ਜਾਂਦੇ। ਇਸ ਕੇਸ ਵਿੱਚ ਉਨ੍ਹਾਂ ਦੀ 40 ਹਜ਼ਾਰ ਰੁਪਏ ਤੋਂ ਜ਼ਿਆਦਾ ਦੀ ਕੁੱਲ ਤਨਖਾਹ ਘੱਟ ਕੇ 15 ਹਜ਼ਾਰ ਹੋ ਜਾਣੀ ਹੈ। ਇਸ ਲਈ ਇਸ ਫੈਸਲੇ ਦੇ ਅਰਥ ਸਮਝਣੇ ਕੋਈ ਬਹੁਤੇ ਔਖੇ ਨਹੀਂ।

ਅਧਿਆਪਕਾਂ ਨੂੰ ਠੇਕੇ ਵਾਲੀ ਨੌਕਰੀ ਜਾਰੀ ਰੱਖਣ ਦੀ ਵੀ ਛੋਟ ਹੈ, ਪਰ ਹਾਲਾਤ ਇਹ ਹਨ ਕਿ ਇਨ੍ਹਾਂ ਸਾਰੇ ਪ੍ਰਬੰਧਾਂ ਹੇਠ ਤਨਖਾਹਾਂ ਅਨਿਯਮਿਤ ਹਨ। ਤਨਖਾਹ ਉਦੋਂ ਮਿਲਦੀ ਹੈ ਜਦੋਂ ਕੇਂਦਰ ਸਰਕਾਰ ਸੂਬਾ ਸਰਕਾਰ ਨੂੰ ਪੈਸੇ ਦੇਂਦੀ ਹੈ। ਇਉਂ ਅਧਿਆਪਕਾਂ ਨੂੰ ਆਪਣੇ ਖਰਚ ਚਲਾਉਣ ਲਈ ਕਰਜ਼ੇ ਤੱਕ ਲੈਣੇ ਪੈਂਦੇ ਹਨ। ਸਰਕਾਰ ਨੂੰ ਇਸ ਪਾਸੇ ਤਵੱਜੋ ਦੇਣ ਦੀ ਲੋੜ ਹੈ। ਇਸ ਮਕਸਦ ਲਈ ਵੱਖਰਾ ਫੰਡ ਬਣਾਇਆ ਜਾ ਸਕਦਾ ਹੈ ਤਾਂ ਕਿ ਤਨਖਾਹਾਂ ਨਾ ਰੁਕਣ। ਫਿਰ ਜਦੋਂ ਕੇਂਦਰ ਤੋਂ ਪੈਸਾ ਆਵੇ, ਇਸ ਫੰਡ ਵਿੱਚ ਪਾ ਦਿੱਤਾ ਜਾਵੇ।

ਸ਼ਾਇਦ ਸਕੂਲ ਅਧਿਆਪਕਾਂ ਦੀਆਂ ਵੱਖ-ਵੱਖ ਦਰਜਾਬੰਦੀਆਂ 'ਤੇ ਨਜ਼ਰਸਾਨੀ ਦੀ ਲੋੜ ਹੈ। ਪਹਿਲਾਂ ਵੱਖ-ਵੱਖ ਸਰੋਤਾਂ, ਜਿਵੇਂ ਕੇਂਦਰ ਸਰਕਾਰ ਜਾਂ ਕੌਮਾਂਤਰੀ ਸਹਾਇਤਾ ਏਜੰਸੀਆਂ ਤੋਂ ਫੰਡ ਆਉਣ ਕਾਰਨ ਅਧਿਆਪਕਾਂ ਦੀ ਵੱਖ-ਵੱਖ ਵੰਨਗੀਆਂ ਬਣਾਈਆਂ ਗਈਆਂ ਸਨ। ਵੱਖ-ਵੱਖ ਫੰਡ ਸਰੋਤਾਂ ਕਾਰਨ ਵੱਖ-ਵੱਖ ਵੰਨਗੀ ਹੇਠ ਅਧਿਆਪਕਾਂ ਦੀ ਨਿਯੁਕਤੀ ਉਸ ਸਮੇਂ ਦੀ ਲੋੜ ਹੋਵੇਗੀ, ਅੱਜ ਕੱਲ੍ਹ ਇਹ ਮਸਲਾ ਉਲਟਾ ਪੈ ਚੁੱਕਾ ਹੈ। ਇਸ ਲਈ ਅਧਿਆਪਕਾਂ ਦੇ ਮਾਮਲੇ 'ਤੇ ਨਵੇਂ ਸਿਰੇ ਤੋਂ ਇਕਸਾਰਤਾ ਹੋਣੀ ਚਾਹੀਦੀ ਹੈ। ਅਧਿਆਪਕਾਂ ਦੀਆਂ ਇਨ੍ਹਾਂ ਸਾਰੀਆਂ ਵੰਨਗੀਆਂ ਨੂੰ ਪੱਕੇ ਮੁਲਾਜ਼ਮਾਂ ਵਜੋਂ ਲੈਣਾ ਟੀਚਾ ਹੋਣਾ ਚਾਹੀਦਾ ਹੈ। ਉਂਜ ਇਹ ਕਾਰਜ ਤਦੇ ਸਿਰੇ ਚੜ੍ਹ ਸਕਦਾ ਹੈ, ਜੇ ਕੇਂਦਰ ਅਤੇ ਸੂਬਾ ਸਰਕਾਰਾਂ ਫੰਡਾਂ ਦੇ ਪ੍ਰਬੰਧਾਂ ਦੇ ਮਾਮਲੇ 'ਤੇ ਤਾਲਮੇਲ ਬਿਠਾਉਣ।

ਮੌਜੂਦਾ ਅੰਦੋਲਨ ਵੱਲ ਮੰਤਰੀ ਜਾਂ ਸਿੱਖਿਆ ਵਿਭਾਗ ਦੇ ਅਫਸਰ ਸੀਮਤ ਜਿਹਾ ਧਿਆਨ ਦੇ ਰਹੇ ਹਨ। ਮੁਲਾਜ਼ਮਾਂ ਦਾ ਗੁੱਸਾ ਸ਼ਾਂਤ ਕਰਨ ਲਈ ਇਹ ਲੋਕ ਕੋਈ ਫਾਰਮੂਲਾ ਪੇਸ਼ ਕਰ ਸਕਦੇ ਹਨ, ਪਰ ਇਹ ਸੰਕਟ ਨੂੰ ਰਤਾ ਅਗਾਂਹ ਸਰਕਾ ਦੇਣ ਦਾ ਹੀ ਕੋਈ ਹੀਲਾ ਜਾਪਦਾ ਹੈ। ਸਰਕਾਰ ਇਸ ਵੇਲੇ ਸੂਬੇ ਦੀ ਸਭ ਤੋਂ ਵੱਡੀ ਰੁਜ਼ਗਾਰ ਦਾਤੀ ਹੈ, ਇਸ ਲਈ ਇਸ ਨੂੰ ਇਸ ਮਸਲੇ ਬਾਰੇ ਗਹਿਰ ਗੰਭੀਰਤਾ ਨਾਲ ਸੋਚ ਵਿਚਾਰ ਕਰਕੇ ਕੋਈ ਹੱਲ ਕੱਢਣਾ ਚਾਹੀਦਾ ਹੈ।

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018
ALSO HIRING OWNER OPERATORS




202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com



UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES:
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($15)
- Landlord and Tenant Matters ($250)

Prices are subject to Taxes, do not include Government fees and service by appointment only. Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana Sales Rep.



$645,000
Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।



$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

Photo Not Available
FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



$859,900
Bramalea/Sandalwood
4 ਬੈਡਰੂਮ, 3 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, ਪਾਈ ਸ਼ੇਪ ਲੌਟ, ਪੋਟ ਲਾਈਟ, ਸੀਰਾਮਿਕ ਫਲੋਰ, ਰੂਫ ਸ਼ਿੰਗਲ 2015 ਵਿਚ ਬਦਲੇ ਹਨ, ਬੇਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ

# ਪੰਥਕ ਅਸੈਂਬਲੀ ਦੇ ਸੈਸ਼ਨ ਦਾ ਪਹਿਲਾ ਦਿਨ ਬਾਦਲ ਪਰਵਾਰ ਉਤੇ ਹਮਲਿਆਂ ਦੇ ਨਾਂਅ ਰਿਹਾ

ਅੰਮ੍ਰਿਤਸਰ, 21 ਅਕਤੂਬਰ (ਪੋਸਟ ਬਿਊਰੋ)- ਸਿੱਖ ਪੰਥ ਨੂੰ ਦਰਪੇਸ਼ ਮੁੱਦਿਆਂ ਉੱਤੇ ਵਿਚਾਰ ਕਰਨ ਲਈ ਬਣਾਈ ਗਈ ਪੰਥਕ ਅਸੈਂਬਲੀ ਦੇ ਕੱਲ੍ਹ ਸ਼ੁਰੂ ਹੋਏ ਦੋ ਰੋਜ਼ਾ ਸੈਸ਼ਨ ਦੇ ਪਹਿਲੇ ਦਿਨ ਵਿਦਵਾਨਾਂ ਨੇ ਸਿੱਖੀ ਨੂੰ ਖੋਰਾ ਲਾਉਣ ਲਈ ਬਾਦਲ ਪਰਵਾਰ ਨੂੰ ਜ਼ਿੰਮੇਵਾਰ ਠਹਿਰਾਇਆ ਤੇ ਬਾਦਲਾਂ ਉੱਤੇ ਸਿੱਖਾਂ ਨੂੰ ਆਪਸ ਵਿੱਚ ਲੜਾਉਣ ਦੇ ਦੋਸ਼ ਵੀ ਲਾਏ। ਇਹ ਪੰਥਕ ਅਸੈਂਬਲੀ ਵੱਖ-ਵੱਖ ਪੰਥਕ ਜਥੇਬੰਦੀਆਂ ਨੇ ਸਿੱਖ ਮਸਲਿਆਂ ਉੱਤੇ ਖਾਸ ਕਰ ਕੇ ਬਰਗਾੜੀ ਬੇਅਦਬੀ ਕਾਂਡ ਬਾਰੇ ਵਿਚਾਰ ਕਰਨ ਅਤੇ ਵਿਦਵਾਨਾਂ ਦੇ ਸੁਝਾਅ ਲੈਣ ਲਈ ਕਾਇਮ ਕੀਤੀ ਸੀ।

ਵਰਨਣ ਯੋਗ ਹੈ ਕਿ ਇਸ ਪੰਥਕ ਅਸੈਂਬਲੀ ਲਈ ਵਿਧਾਨ ਸਭਾ ਵਾਂਗ ਹੀ 117 ਮੈਂਬਰ ਨਾਮਜ਼ਦ ਕੀਤੇ ਗਏ ਹਨ ਤੇ ਵਿਧਾਨ ਸਭਾ ਵਾਂਗ ਤਿਕੋਣੇ ਰੂਪ ਵਿੱਚ ਤਿੰਨ ਲਾਈਨਾਂ ਬਣਾ ਕੇ ਮੈਂਬਰਾਂ ਲਈ ਕੁਰਸੀਆਂ ਲਾਈਆਂ ਹਨ। ਵਿਧਾਨ ਸਭਾ ਵਾਂਗ ਸਾਹਮਣੇ ਸਪੀਕਰ ਦਾ ਕੁਰਸੀ-ਟੇਬਲ ਲਾ ਇਸ ਹਾਲ ਵਿੱਚ ਵਿਜ਼ਟਰ ਗੈਲਰੀ ਵੀ ਬਣਾਈ ਹੈ। ਮੈਂਬਰਾਂ ਨੂੰ ਬੋਲਣ ਲਈ ਸਪੀਕਰ ਵਾਰੀ-ਵਾਰੀ ਸੱਦਾ ਦਿੰਦਾ ਤੇ ਨਾਲ ਇਹ ਦੱਸਦਾ ਸੀ ਕਿ ਉਹ 10 ਮਿੰਟ ਵਿੱਚ ਆਪਣੀ ਗੱਲ ਰੱਖਣ। ਇਸ ਅਸੈਂਬਲੀ ਦਾ ਸਪੀਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਐਡਵੋਕੇਟ ਸੁਖਦੇਵ ਸਿੰਘ ਭੌਰ ਨੂੰ ਬਣਾਇਆ ਗਿਆ ਹੈ। ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਇਸ ਮੌਕੇ ਕਿਹਾ ਕਿ ਬੇਅਦਬੀ ਬਾਰੇ ਜਿਨ੍ਹਾਂ ਨੇ ਕਮਿਸ਼ਨ ਬਣਾਏ ਸਨ, ਉਨ੍ਹਾਂ ਨੇ ਹੀ ਰਿਪੋਰਟਾਂ ਰੋਲ ਦਿੱਤੀਆਂ, ਕਿਉਂਕਿ ਕਮਿਸ਼ਨ ਨੂੰ ਨਾਮਜ਼ਦ ਕਰਨ ਵਾਲਿਆਂ ਦੀ ਭਾਵਨਾ ਸਹੀ ਨਹੀਂ ਸੀ, ਇਸ ਲਈ ਰਿਪੋਰਟਾਂ ਲਾਗੂ ਨਹੀਂ ਹੋਈਆਂ। ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਬਾਦਲਾਂ ਨੇ ਸਭ ਤੋਂ ਵੱਡਾ ਨੁਕਸਾਨ ਕੌਮ ਦਾ ਇਹ ਕੀਤਾ ਕਿ ਸਿੱਖਾਂ ਦੀ ਸੋਚ ਵਿੱਚੋਂ ਪੰਥ ਮਨਫੀ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖ ਮਸਲੇ ਵਿਚਾਰਨ ਅਤੇ ਹੱਲ ਲੱਭਣ ਲਈ ਪੰਥਕ ਅਸੈਂਬਲੀ ਸਥਾਈ ਬਣਾ ਦਿੱਤੀ ਜਾਵੇ। ਐਡਵੋਕੇਟ ਨਵਕਿਰਨ ਸਿੰਘ ਨੇ ਬਾਦਲ ਪਰਵਾਰ ਉੱਤੇ ਵਰ੍ਹਦੇ ਹੋਏ ਕਿਹਾ ਕਿ ਸਿੱਖੀ ਨੂੰ ਖੋਰਾ ਅਕਾਲੀ ਆਗੂਆਂ ਨੇ ਲਾਇਆ ਹੈ ਅਤੇ ਸਿੱਖ ਆਪਣੀ ਅਕਲ ਦੇ ਆਪ ਵੈਰੀ ਹਨ, ਜਿਹੜੇ ਬ੍ਰਾਹਮਣਵਾਦ, ਜਾਤਾਂ-ਪਾਤਾਂ ਦਾ ਸ਼ਿਕਾਰ ਹੋ ਕੇ ਸਿੱਖੀ ਨੂੰ ਤਿਲਾਂਜਲੀ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਆਰ ਐੱਸ ਐੱਸ ਨੂੰ ਦੋਸ਼ ਨਾ ਦਿਓ, ਆਪਣੇ ਆਪ ਨੂੰ ਸਿੱਖੀ ਵਿੱਚ ਪਰਿਪੱਕ ਰੱਖੋ। ਐਡਵੋਕੇਟ ਨਵਜੋਤ ਕੌਰ ਚੱਬਾ ਨੇ ਕਿਹਾ ਕਿ ਪੰਥਕ ਸੰਸਥਾਵਾਂ ਨੇ ਸਿੱਖੀ ਲਈ ਜੋ ਜ਼ਿੰਮੇਵਾਰੀ ਨਿਭਾਉਣੀ ਸੀ, ਉਹ ਨਹੀਂ ਨਿਭਾਈ ਅਤੇ ਬਾਦਲਾਂ ਨੇ ਵੋਟਾਂ ਦੀ ਰਾਜਨੀਤੀ ਨਾਲ ਸਿੱਖਾਂ ਨੂੰ ਸਿੱਖਾਂ ਨਾਲ ਲੜਾਇਆ। ਉਨ੍ਹਾਂ ਇਹ ਸੁਝਾਅ ਦਿੱਤਾ ਕਿ ਪੰਜ ਤਖਤਾਂ ਦੇ ਜਥੇਦਾਰਾਂ ਨਾਲ ਇੱਕ ਜਿਊਰੀ ਲਾਈ ਜਾਵੇ, ਜਿਹੜੀ ਹਰ ਮਸਲੇ ਨੂੰ ਵਿਚਾਰ ਕੇ ਜਥੇਦਾਰਾਂ ਨੂੰ ਫੈਸਲੇ ਦੀ ਸਲਾਹ ਦੇਵੇ।

# ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਰੇਲ ਹਾਦਸੇ ਦੀ ਮੈਜਿਸਟਰੇਟੀ ਜਾਂਚ ਦੇ ਹੁਕਮ ਦਿੱਤੇ

ਅੰਮ੍ਰਿਤਸਰ, 21 ਅਕਤੂਬਰ, (ਪੋਸਟ ਬਿਊਰੋ)- ਇਸ ਮਹਾਨਗਰ ਦੇ ਜੌੜਾ ਫਾਟਕ ਨੇੜੇ ਬੀਤੇ ਦਿਨ ਵਾਪਰੇ ਰੇਲ ਹਾਦਸੇ ’ਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਨ ਅਤੇ ਜ਼ਖ਼ਮੀਆਂ ਦਾ ਹਾਲ ਪੁੱਛਣ ਆਏ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਹਾਦਸੇ ਦੀ ਜਾਂਚ ਦੀ ਮੈਜਿਸਟਰੇਟ ਜਾਂਚ ਦੇ ਆਦੇਸ਼ ਦਿੱਤੇ ਹਨ। ਇਹ ਜਾਂਚ ਜਲੰਧਰ ਦੇ ਡਿਵੀਜ਼ਨਲ ਕਮਿਸ਼ਨਰ ਦੀ ਅਗਵਾਈ ਹੇਠ ਚਾਰ ਹਫ਼ਤਿਆਂ ਵਿੱਚ ਮੁਕੰਮਲ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਨੇ ਸਭ ਸਿਆਸੀ ਪਾਰਟੀਆਂ ਤੇ ਹਰ ਵਰਗ ਦੇ ਲੋਕਾਂ ਨੂੰ ਇਸ ਹਾਦਸੇ ਬਾਰੇ ਸਿਆਸਤ ਛੱਡ ਕੇ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ ਤਾਂ ਜੋ ਪੀੜਤਾਂ ਨੂੰ ਵੱਧ ਤੋਂ ਵੱਧ ਰਾਹਤ ਦਿੱਤੀ ਜਾ ਸਕੇ।

ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਰੇਲ ਹਾਦਸੇ ਵਿੱਚ ਮਰਨ ਵਾਲਿਆਂ ਦੀ ਗਿਣਤੀ 59 ਤੇ ਜ਼ਖਮੀਆਂ ਦੀ ਗਿਣਤੀ 57 ਹੈ। ਉਨ੍ਹਾਂ ਅੰਮ੍ਰਿਤਸਰ ਵਿੱਚ ਤਿੰਨ ਰੋਜ਼ਾ ਸਰਕਾਰੀ ਸੋਗ ਦਾ ਐਲਾਨ ਕੀਤਾ ਹੈ। ਘਟਨਾ ਸਥਾਨ ਅਤੇ ਵੱਖ ਵੱਖ ਹਸਪਤਾਲਾਂ ਵਿੱਚ ਜ਼ਖ਼ਮੀਆਂ ਦਾ ਹਾਲ ਪੁੱਛਣ ਮਗਰੋਂ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਵੇਲੇ ਉਨ੍ਹਾਂ ਨੇ ਕਿਹਾ ਕਿ ਦਸਹਿਰੇ ਦੇ ਤਿਉਹਾਰ ਮੌਕੇ ਹੋਏ ਇਸ ਹਾਦਸੇ ਦੀ ਜਾਂਚ ਲਈ ਆਦੇਸ਼ ਦਿੱਤੇ ਹਨ ਅਤੇ ਜਾਂਚ ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਵੱਲੋਂ ਕੀਤੀ ਜਾਵੇਗੀ। ਇਹ ਜਾਂਚ ਚਾਰ ਹਫ਼ਤਿਆਂ ’ਚ ਮੁਕੰਮਲ ਕਰਨ ਨੂੰ ਆਖਿਆ ਗਿਆ ਹੈ। ਘਟਨਾ ਲਈ ਜ਼ਿੰਮੇਵਾਰ ਲੋਕਾਂ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਦੋਸ਼ੀ ਅਤੇ ਜ਼ਿੰਮੇਵਾਰ ਵਿਅਕਤੀਆਂ ਬਾਰੇ ਘਟਨਾ ਦੀ ਜਾਂਚ ਤੋਂ ਬਾਅਦ ਹੀ ਪਤਾ ਲੱਗ ਸਕੇਗਾ।

ਬਹੁਤ ਸਾਰੇ ਲੋਕਾਂ ਵੱਲੋਂ ਸਾਬਕਾ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਨੂੰ ਦੋਸ਼ੀ ਠਹਿਰਾਏ ਜਾਣ ਦੇ ਸਵਾਲ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਜਾਂਚ ਤੋਂ ਪਹਿਲਾਂ ਉਹ ਕਿਸੇ ਬਾਰੇ ਕੁਝ ਨਹੀਂ ਕਹਿ ਸਕਦੇ, ਜਾਂਚ ਵਿੱਚ ਜੋ ਜ਼ਿੰਮੇਵਾਰ ਨਿਕਲ ਆਇਆ, ਉਸ ਦੇ



ਖ਼ਿਲਾਫ਼ ਕਾਨੂੰਨ ਮੁਤਾਬਕ ਕਾਰਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਇਹ ਵੀ ਪਤਾ ਲਾਇਆ ਜਾਵੇਗਾ ਕਿ ਜਿਸ ਥਾਂ ਦਸਹਿਰਾ ਮਨਾਇਆ ਗਿਆ, ਉਸ ਦੀ ਅਗਾਊਂ ਪ੍ਰਵਾਨਗੀ ਲਈ ਗਈ ਸੀ ਜਾਂ ਨਹੀਂ। ਰੇਲ ਵਿਭਾਗ ਬਾਰੇ ਉਨ੍ਹਾਂ ਆਖਿਆ ਕਿ ਇਸ ਦੀ ਜਾਂਚ ਰੇਲ ਵਿਭਾਗ ਵੱਲੋਂ ਵੱਖਰੇ ਤੌਰ ’ਤੇ ਕੀਤੀ ਜਾਵੇਗੀ।

ਏਡਾ ਵੱਡਾ ਦੁਖਾਂਤ ਵਾਪਰਨ ਤੋਂ 16 ਘੰਟੇ ਬਾਅਦ ਪੁੱਜਣ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਇਜ਼ਰਾਈਲ ਦੌਰੇ ਉੱਤੇ ਜਾ ਰਹੇ ਸਨ। ਜਦੋਂ ਘਟਨਾ ਵਾਪਰੀ ਤਾਂ ਉਹ ਦਿੱਲੀ ਹਵਾਈ ਅੱਡੇ ਉਤੇ ਸਨ, ਪਰ ਉਨ੍ਹਾਂ ਨੇ ਆਪਣਾ ਦੌਰਾ ਰੱਦ ਕਰ ਦਿੱਤਾ ਤੇ ਏਥੇ ਪਹੁੰਚ ਗਏ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਕੈਬਨਿਟ ਮੰਤਰੀਆਂ ਨੂੰ ਸਥਿਤੀ ਦਾ ਪਤਾ ਲਾਉਣ ਤੇ ਰਾਹਤ ਕਾਰਜ ਕਰਾਉਣ ਦੇ ਆਦੇਸ਼ ਦਿੱਤੇ ਸਨ। ਉਨ੍ਹਾਂ ਦੱਸਿਆ ਕਿ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ ਸਰਕਾਰ ਵੱਲੋਂ ਪੰਜ-ਪੰਜ ਲੱਖ ਰੁਪਏ ਦੀ ਵਿੱਤੀ ਮਦਦ ਦਿੱਤੀ ਜਾਵੇਗੀ ਅਤੇ ਇਸ ਹਾਦਸੇ ਨਾਲ ਜਿਹੜੇ ਜ਼ਖਮੀ ਦੀ ਜ਼ਿੰਦਗੀ ਪ੍ਰਭਾਵਿਤ ਹੋਵੇਗੀ, ਉਸ ਨੂੰ 50 ਹਜ਼ਾਰ ਰੁਪਏ ਮਦਦ ਵਜੋਂ ਦਿੱਤੇ ਜਾਣਗੇ ਅਤੇ ਜ਼ਖ਼ਮੀਆਂ ਦਾ ਇਲਾਜ ਮੁਫਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਹਸਪਤਾਲ ਵਿੱਚ ਅਜਿਹੀਆਂ ਦੋ ਮਾਸੂਮ ਬੱਚੀਆਂ ਨੂੰ ਮਿਲੇ, ਜਿਨ੍ਹਾਂ ਦਾ ਸਾਰਾ ਪਰਿਵਾਰ ਇਸ ਘਟਨਾ ਵਿਚ ਮੌਤ ਦਾ ਸ਼ਿਕਾਰ ਹੋ ਗਿਆ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਗ੍ਰਹਿ ਸਕੱਤਰ ਐਨ ਐਸ ਕਲਸੀ ਨੂੰ ਹੁਕਮ ਦਿੱਤੇ ਹਨ ਕਿ ਪੰਜਾਬ ਵਿੱਚ ਕਿਸੇ ਵੀ ਤ੍ਰਾਸਦੀ ਨੂੰ ਰੋਕਣ ਲਈ ਧਾਰਮਿਕ ਤੇ ਸਮਾਜਕ ਸਮਾਗਮ ਕਰਾਉਣ ਬਾਰੇ ਨਿਯਮ ਜਾਰੀ ਕੀਤੇ ਜਾਣ। ਉਨ੍ਹਾਂ ਦੀਵਾਲੀ ਮੌਕੇ ਪਟਾਕਿਆਂ ਦੀ ਵਿਕਰੀ ਆਦਿ ਦੇ ਸਪੱਸ਼ਟ ਨਿਰਦੇਸ਼ ਜਾਰੀ ਕਰਨ ਲਈ ਵੀ ਕਿਹਾ ਹੈ।

ਇਸ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਤੇ ਯੂ ਐੱਨ ਓ ਦੇ ਮੁਖੀ ਅੰਤੋਨੀਓ ਗੁਟੇਰੇਜ਼ ਨੇ ਅੰਮ੍ਰਿਤਸਰ ’ਚ ਦਸਹਿਰੇ ਮੌਕੇ ਵਾਪਰੇ ਰੇਲ ਹਾਦਸੇ ਉੱਤੇ ਦੁੱਖ ਦਾ ਪ੍ਰਗਟ ਕਰਦਿਆਂ ਦੁਖੀ ਪਰਿਵਾਰਾਂ ਨਾਲ ਹਮਦਰਦੀ ਜਤਾਈ ਹੈ।

## ਰਾਵਣ ਬਣਨ ਵਾਲਾ ਨੌਜਵਾਨ ਵੀ ਰੇਲ ਹਾਦਸੇ ਦਾ ਸ਼ਿਕਾਰ ਬਣਿਆ

ਅੰਮ੍ਰਿਤਸਰ, 21 ਅਕਤੂਬਰ (ਪੋਸਟ ਬਿਊਰੋ)- ਸ਼ੁੱਕਰਵਾਰ ਸ਼ਾਮ ਦੁਸਹਿਰੇ ਮੌਕੇ ਜਦੋਂ ਜੌੜਾ ਫਾਟਕ ਦੇ ਨੇੜੇ ਧੋਬੀ ਘਾਟ ਗਰਾਊਂਡ 'ਚ ਰਾਵਣ ਦਾ ਪੁਤਲਾ ਸੜ ਰਿਹਾ ਸੀ ਤਾਂ ਉਸੇ ਵੇਲੇ ਉਥੇ ਖੇਡੀ ਗਈ ਰਾਮ ਲੀਲਾ ਵਿੱਚ ਰਾਵਣ ਦਾ ਕਿਰਦਾਰ ਨਿਭਾਉਣ ਵਾਲਾ ਦਲਬੀਰ ਸਿੰਘ ਘੁੱਗੂ ਵੀ ਰੇਲ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ।

ਸਥਾਨਕ ਜੌੜਾ ਫਾਟਕ ਨੇੜਲੀ ਕ੍ਰਿਸ਼ਨਾ ਗਲੀ ਨੰਬਰ ਦੋ ਦੇ ਵਾਸੀ ਦਲਬੀਰ ਸਿੰਘ (30 ਸਾਲਾ) ਪੁੱਤਰ ਸਵਰਨ ਸਿੰਘ ਕਾਲਾ ਦੇ ਭਰਾ ਬਲਬੀਰ ਸਿੰਘ ਨੇ ਦੱਸਿਆ ਕਿ ਉਕਤ ਇਲਾਕੇ 'ਚ ਪਿਛਲੇ 25 ਵਰ੍ਹਿਆਂ ਤੋਂ ਮੁਹੱਲਾ ਵਾਸੀਆਂ ਵੱਲੋਂ ਆਪਣੇ ਪੱਧਰ 'ਤੇ ਦਾਨ ਦੀ ਰਾਸ਼ੀ ਇਕੱਠੀ ਕਰ ਕੇ ਰਾਮਲੀਲਾ ਕਰਾਈ ਜਾ ਰਹੀ ਹੈ। ਮ੍ਰਿਤਕ ਦਲਬੀਰ ਸਿੰਘ, ਜੋ ਇਸ ਰਾਮ ਲੀਲਾ ਕਮੇਟੀ ਦਾ ਪ੍ਰਧਾਨ ਸੀ, ਪਿਛਲੇ ਪੰਜ ਸਾਲਾਂ ਤੋਂ ਸ੍ਰੀ ਰਾਮ ਦਾ ਕਿਰਦਾਰ ਨਿਭਾਉਂਦਾ ਆ ਰਿਹਾ ਸੀ ਅਤੇ ਇਸ ਸਾਲ ਪਹਿਲੀ ਵਾਰ ਉਸ ਨੇ ਰਾਵਣ ਦਾ ਕਿਰਦਾਰ ਨਿਭਾਇਆ ਸੀ। ਉਹ ਲੋਕਾਂ ਨੂੰ ਬਚਾਉਂਦਾ ਮਾਰਿਆ ਗਿਆ।

## ਬਾਦਲ ਉੱਤੇ ਹਮਲੇ ਦੀ ਸਾਜ਼ਿਸ਼ ਦੇ ਦੋਸ਼ੀ ਜਰਮਨ ਸਿੰਘ ਦਾ ਪੁਲੀਸ ਰਿਮਾਂਡ

ਸਮਾਣਾ (ਪਟਿਆਲਾ), 21 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉੱਤੇ ਹਮਲੇ ਦੀ ਸਾਜ਼ਿਸ਼ ਰਚਣ ਦੇ ਦੋਸ਼ ਹੇਠ ਰਾਜਸਥਾਨ ਤੋਂ ਗ੍ਰਿਫ਼ਤਾਰ ਕਰਕੇ ਲਿਆਂਦੇ ਗਏ ਜਰਮਨ ਸਿੰਘ ਦਾ ਕਾਰ ਖੋਹਣ ਦੇ ਇੱਕ ਕੇਸ ਵਿੱਚ ਅੱਜ ਪੰਜਾਬ ਪੁਲਸ ਨੂੰ ਚਾਰ ਰੋਜ਼ਾ ਮਿਲਿਆ ਹੈ। ਉਸ ਤੋਂ ਸੀ ਆਈ ਏ ਪਟਿਆਲਾ ਵਿਖੇ ਪੁੱਛਗਿੱਛ ਸ਼ੁਰੂ ਹੋ ਗਈ ਹੈ। ਪਾਤੜਾਂ ਥਾਣੇ ਵਿੱਚ ਦਰਜ ਫਰਵਰੀ 2018 ਨਾਲ ਸਬੰਧਤ ਕਾਰ ਖੋਹਣ ਦੇ ਇੱਕ ਕੇਸ ਦੌਰਾਨ ਵੀ ਉਸ ਤੋਂ ਮੁੱਖ ਤੌਰ ਉੱਤੇ ਵੱਡੇ ਬਾਦਲ 'ਤੇ ਹਮਲੇ ਦੀ ਯੋਜਨਾ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ।



ਵਰਨਣ ਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਉੱਤੇ ਹਮਲੇ ਦੀ ਸਾਜ਼ਿਸ਼ ਦਾ ਇਹ ਖੁਲਾਸਾ ਬੀਤੇ ਦਿਨੀਂ ਉੱਤਰ ਪ੍ਰਦੇਸ਼ ਪੁਲੀਸ ਦੇ ਦੋ ਮੁਲਾਜ਼ਮਾਂ ਤੋਂ ਹਥਿਆਰ ਖੋਹਣ ਵਾਲੇ ਤਿੰਨ ਨੌਜਵਾਨਾਂ ਦੀ ਗ੍ਰਿਫ਼ਤਾਰੀ ਤੋਂ ਹੋਇਆ ਸੀ, ਜਿਨ੍ਹਾਂ ਵਿੱਚ ਕਰਮ ਸਿੰਘ ਝਿੰਜਣਾ ਤੇ ਗੁਰਜੰਟ ਸਿੰਘ ਜੰਟਾ (ਦੋਵੇਂ ਵਾਸੀ ਉੱਤਰ ਪ੍ਰਦੇਸ਼) ਅਤੇ ਅੰਮ੍ਰਿਤ ਸਿੰਘ ਵਾਸੀ ਹਰਿਆਣਾ ਸ਼ਾਮਲ ਹਨ। ਬੀਤੀ 2 ਅਕਤੂਬਰ ਨੂੰ ਫੜੇ ਗਏ ਇਨ੍ਹਾਂ ਦੋਸ਼ੀਆਂ ਨੇ ਉੱਤਰ ਪ੍ਰਦੇਸ਼ ਪੁਲੀਸ ਨੂੰ ਅਗਲੀ ਪੁੱਛਗਿੱਛ ਦੌਰਾਨ ਪਟਿਆਲਾ ਨੇੜੇ ਮਹਿਮਦਪੁਰ ਪਿੰਡ ਵਿੱਚ ਸੱਤ ਅਕਤੂਬਰ ਦੀ ਅਕਾਲੀ ਦਲ ਦੀ ਰੈਲੀ ਵਿੱਚ ਸਾਬਕਾ ਮੁੱਖ ਮੰਤਰੀ ਨੂੰ ਮਾਰਨ ਦੀ ਸਾਜ਼ਿਸ਼ ਬਾਰੇ ਦੱਸਿਆ ਸੀ। ਬਾਅਦ ਵਿੱਚ ਇਸ ਗਰੁੱਪ ਦੇ ਆਗੂ ਜਰਮਨ ਸਿੰਘ ਨੂੰ ਪਟਿਆਲਾ ਅਤੇ ਰਾਜਸਥਾਨ ਪੁਲੀਸ ਨੇ ਸਾਂਝੀ ਕਾਰਵਾਈ ਵਿੱਚ ਬੀਕਾਨੇਰ ਦੇ ਪਿੰਡ ਨਵਾਂ ਗਾਉਂ ਤੋਂ ਗ੍ਰਿਫ਼ਤਾਰ ਕੀਤਾ ਸੀ।

## ਰੇਲਵੇ ਬੋਰਡ ਦੇ ਮੁਖੀ ਅਤੇ ਗੱਡੀ ਦੇ ਡਰਾਈਵਰ ਦੇ ਬਿਆਨਾਂ ਵਿੱਚ ਵੱਡਾ ਫਰਕ

ਅੰਮ੍ਰਿਤਸਰ, 21 ਅਕਤੂਬਰ (ਪੋਸਟ ਬਿਊਰੋ)- ਦਸਹਿਰੇ ਦੇ ਦਿਨ ਅੰਮ੍ਰਿਤਸਰ ਵਿੱਚ ਹੋਏ ਰੇਲ ਹਾਦਸੇ ਤੋਂ ਬਾਅਦ ਦੇਰ ਰਾਤ ਕੇਂਦਰੀ ਰੇਲਵੇ ਰਾਜ ਮੰਤਰੀ ਮਨੋਜ ਸਿਨਹਾ ਨਾਲ ਅੰਮ੍ਰਿਤਸਰ ਪਹੁੰਚੇ ਰੇਲਵੇ ਬੋਰਡ ਦੇ ਚੇਅਰਮੈਨ ਅਸ਼ਵਨੀ ਲੁਹਾਨੀ ਅਤੇ ਹਾਦਸੇ ਲਈ ਜ਼ਿੰਮੇਵਾਰ ਡੀ ਐੱਮ ਯੂ ਗੱਡੀ ਦੇ ਡਰਾਈਵਰ ਅਰਵਿੰਦ ਕੁਮਾਰ ਦੇ ਬਿਆਨਾਂ ਵਿੱਚ ਵੱਡਾ ਫਰਕ ਨਿਕਲ ਰਿਹਾ ਹੈ, ਜਿਸ ਤੋਂ ਪ੍ਰਸ਼ਾਸਨ ਸਮੇਤ ਹਰ ਕੋਈ ਹੈਰਾਨ ਹੈ।

ਕੱਲ੍ਹ ਸਵੇਰੇ ਪ੍ਰੈੱਸ ਕਾਨਫਰੰਸ ਦੌਰਾਨ ਚੇਅਰਮੈਨ ਲੁਹਾਨੀ ਨੇ ਕਿਹਾ ਕਿ ਇਸ ਹਾਦਸੇ 'ਚ ਰੇਲਵੇ ਦੀ ਕੋਈ ਗਲਤੀ ਨਹੀਂ ਅਤੇ ਰੇਲਵੇ ਕੋਈ ਜਾਂਚ ਨਹੀਂ ਕਰਵਾਏਗਾ। ਉਨ੍ਹਾਂ ਕਿਹਾ ਕਿ ਡੀ ਐੱਮ ਯੂ ਗੱਡੀ ਦਾ ਡਰਾਈਵਰ ਐਮਰਜੈਂਸੀ ਬਰੇਕ ਲਾਉਂਦਾ ਤਾਂ ਇਸ ਤੋਂ ਵੀ ਵੱਡਾ ਹਾਦਸਾ ਹੋ ਸਕਦਾ ਸੀ। ਲੁਹਾਨੀ ਨੇ ਇਹ ਵੀ ਕਿਹਾ ਕਿ ਹਾਦਸੇ ਵਾਲੀ ਜਗ੍ਹਾ ਅਤੇ ਹਨੇਰਾ ਅਤੇ ਰੇਲਵੇ ਟਰੈਕ ਥੋੜ੍ਹਾ ਘੁੰਮਦਾ ਹੋਣ ਕਾਰਨ ਡਰਾਈਵਰ ਨੂੰ ਟਰੈਕ ਉੱਤੇ ਬੈਠੇ ਲੋਕ ਨਜ਼ਰ ਨਹੀਂ ਆਏ ਅਤੇ ਸਮਾਗਮ ਦੇ ਪ੍ਰਬੰਧਕਾਂ ਨੇ ਰੇਲਵੇ ਪ੍ਰਸ਼ਾਸਨ ਕੋਲੋਂ ਕੋਈ ਇਜਾਜ਼ਤ ਵੀ ਨਹੀਂ ਸੀ ਲਈ। ਦੂਸਰੇ ਪਾਸੇ ਡਰਾਈਵਰ ਅਰਵਿੰਦ ਕੁਮਾਰ ਨੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਮਕੈਨੀਕਲ ਵਿਭਾਗ ਦੇ ਅਧਿਕਾਰੀਆਂ ਨੂੰ ਦਿੱਤੇ ਲਿਖਤੀ ਬਿਆਨਾਂ ਵਿੱਚ ਕਿਹਾ ਕਿ ਜਦੋਂ ਉਹ ਥੋੜ੍ਹੀ ਦੂਰ ਸੀ ਤਾਂ ਟਰੈਕ ਉਤੇ ਉਸ ਨੂੰ ਲੋਕਾਂ ਦਾ ਹਜੂਮ ਨਜ਼ਰ ਆਇਆ ਅਤੇ ਉਸ ਨੇ ਹਾਰਨ ਮਾਰਨਾ ਸ਼ੁਰੂ ਕਰ ਕੇ ਐਮਰਜੈਂਸੀ ਬਰੇਕ ਵੀ ਮਾਰੀ, ਪਰ ਇਸ ਸਮੇਂ ਤੱਕ ਕੁਝ ਲੋਕ ਰੇਲ ਗੱਡੀ ਦੀ ਲਪੇਟ ਵਿੱਚ ਆ ਗਏ। ਉਸ ਨੇ ਕਿਹਾ ਕਿ ਜਦੋਂ ਰੇਲ ਗੱਡੀ ਰੁਕ ਗਈ ਤਾਂ ਲੋਕਾਂ ਦੇ ਹਜੂਮ ਨੇ ਰੇਲ ਗੱਡੀ ਉਤੇ ਪਥਰਾਅ ਸ਼ੁਰੂ ਕਰ ਦਿੱਤਾ, ਜਿਸ ਕਾਰਨ ਉਸ ਨੇ ਮੁੜ ਰੇਲ ਗੱਡੀ ਦੀ ਰਫਤਾਰ ਵਧਾ ਕੇ ਇਸ ਨੂੰ ਅੰਮ੍ਰਿਤਸਰ ਸਟੇਸ਼ਨ 'ਤੇ ਜਾ ਕੇ ਰੋਕਿਆ ਅਤੇ ਇਸ ਦੀ ਸਾਰੀ ਜਾਣਕਾਰੀ ਉਚ ਅਧਿਕਾਰੀਆਂ ਨੂੰ ਦਿੱਤੀ। ਦੂਸਰੇ ਪਾਸੇ ਜੀ ਆਰ ਪੀ ਪੁਲਸ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਰੇਲਵੇ ਟਰੈਕ ਉੱਤੇ ਦਾਖਲ ਹੋਣ ਦੇ ਮਾਮਲੇ ਵਿੱਚ ਇੱਕ ਅਣਪਛਾਤੇ ਵਿਅਕਤੀ ਖਿਲਾਫ ਕੇਸ ਵੀ ਦਰਜ ਕੀਤਾ ਹੈ।

## ਤੇਜ਼ ਰਫਤਾਰ ਟਰੱਕ ਨੇ ਤਿੰਨ ਜਣਿਆਂ ਦੀ ਜਾਨ ਲਈ




ਤਰਨ ਤਾਰਨ, 21 ਅਕਤੂਬਰ (ਪੋਸਟ ਬਿਊਰੋ)- ਤਰਨ ਤਾਰਨ-ਜੰਡਿਆਲਾ ਗੁਰੂ ਰੋਡ ਉਤੇ ਪਿੰਡ ਮਲ੍ਹੀਆ ਨੇੜੇ ਇਕ ਤੇਜ਼ ਰਫਤਾਰ ਟਰੱਕ ਨੇ ਮੋਟਰ ਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਨਾਲ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਮਾਰੇ ਗਏ ਦੋਵੇਂ ਨੌਜਵਾਨ ਦੁਸਹਿਰਾ ਵੇਖਣ ਚੱਲੇ ਸਨ।

ਚੌਕੀ ਬੱਸ ਸਟੈਂਡ ਦੇ ਇੰਚਾਰਜ ਕੇਵਲ ਸਿੰਘ ਨੇ ਦੱਸਿਆ ਕਿ ਬਲਵਿੰਦਰ ਸਿੰਘ (35) ਪੁੱਤਰ ਮੋਹਨ ਸਿੰਘ ਵਾਸੀ ਤਰਨ ਤਾਰਨ ਜੰਡਿਆਲਾ ਵਿਖੇ ਸੁਰੱਖਿਆ ਗਾਰਡ ਵਜੋਂ ਕੰਮ ਕਰਦਾ ਸੀ। ਉਹ ਆਪਣੀ ਡਿਊਟੀ ਤੋਂ ਵਾਪਸ ਆਪਣੇ ਘਰ ਤਰਨ ਤਾਰਨ ਆ ਰਿਹਾ ਸੀ ਕਿ ਰਸਤੇ ਵਿੱਚ ਪਿੰਡ ਨੌਨੇ ਤੋਂ ਜਸਪਾਲ ਸਿੰਘ (15) ਪੁੱਤਰ ਬਲਵਿੰਦਰ ਸਿੰਘ ਤੇ ਨਵਪ੍ਰੀਤ ਸਿੰਘ (18) ਪੁੱਤਰ ਮੰਗਲ ਸਿੰਘ ਦੋਵੇਂ ਵਾਸੀ ਨੌਨੇ ਨੇ ਬਲਵਿੰਦਰ ਸਿੰਘ ਕੋਲੋਂ ਲਿਫਟ ਲਈ। ਜਦ ਉਹ ਤਰਨ ਤਾਰਨ ਤੋਂ ਥੋੜ੍ਹੀ ਦੂਰ ਪਿੱਛੇ ਪਿੰਡ ਮਲ੍ਹੀਆ ਪੁੱਜੇ ਤਾਂ ਸਾਹਮਣੇ ਤੋਂ ਆਏ ਤੇਜ਼ ਰਫਤਾਰ ਟਰੱਕ ਨੇ ਉਨ੍ਹਾਂ ਦੇ ਮੋਟਰ ਸਾਈਕਲ ਵਿੱਚ ਟੱਕਰ ਮਾਰ ਦਿੱਤੀ, ਜਿਸ ਕਾਰਨ ਬਲਵਿੰਦਰ ਸਿੰਘ ਅਤੇ ਨੌਜਵਾਨ ਜਸਪਾਲ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ, ਜਦ ਕਿ ਨਵਪ੍ਰੀਤ ਸਿੰਘ ਦੀ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਮੌਤ ਹੋ ਗਈ।

## ਪੁਲੀਸ ਨੇ ‘ਰਿਫਰੈਂਡਮ 2020’ ਦੇ ਦੋ ਹਮਾਇਤੀ ਗ੍ਰਿਫ਼ਤਾਰ ਕੀਤੇ

ਅੰਮ੍ਰਿਤਸਰ, 21 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਪੁਲੀਸ ਨੇ ਅੱਜ ਦੋ ਖਾਲਿਸਤਾਨੀ ਵਰਕਰਾਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ, ਜਿਨ੍ਹਾਂ ਦੀ ਪਛਾਣ ਸੁਖਰਾਜ ਸਿੰਘ ਉਰਫ ਰਾਜੂ ਤੇ ਮਲਿਕ ਸਿੰਘ ਉਰਫ ਮੀਤੂ ਵਜੋਂ ਹੋਈ ਹੈ। ਉਹ ਖਾਲਿਸਤਾਨ ਪੱਖੀ ‘ਰਿਫਰੈਂਡਮ-2020’ ਦੇ ਪ੍ਰਚਾਰ ਲਈ ਸ਼ਹਿਰ ਵਿੱਚ ਜਨਤਕ ਥਾਵਾਂ ਉਤੇ ਬੈਨਰ ਅਤੇ ਪੋਸਟਰ ਲਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਪੁਲੀਸ ਨੇ ਕੋਟ ਮਿੱਤ ਸਿੰਘ ਤੋਂ ਸੁਖਰਾਜ ਸਿੰਘ ਦੇ ਘਰੋਂ ਬੈਨਰ ਅਤੇ ਪੋਸਟਰ ਬਣਾਉਣ ਲਈ ਵਰਤੀ ਜਾਣ ਵਾਲੀ ਸਮੱਗਰੀ ਵੀ ਬਰਾਮਦ ਕੀਤੀ ਹੈ।

ਅੱਜ ਏਥੇ ਜਾਰੀ ਕੀਤੇ ਬਿਆਨ ਵਿੱਚ ਪੁਲੀਸ ਨੇ ਦੱਸਿਆ ਕਿ ਮੁੱਢਲੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਨੂੰ ਵਿਦੇਸ਼ ਵਿੱਚੋਂ ਮੁਹਿੰਮ ਚਲਾ ਰਹੇ ‘ਸਿੱਖਸ ਫਾਰ ਜਸਟਿਸ’ ਦੇ ਕਾਨੂੰਨੀ ਸਲਾਹਕਾਰ ਗੁਰਪ੍ਰਤਾਪ ਸਿੰਘ ਪੰਨੂੰ ਵੱਲੋਂ ਫੰਡ ਭੇਜੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਦੇ ਖ਼ਿਲਾਫ਼ ਅਮਨ ਭੰਗ ਕਰਨ ਤੇ ਨੌਜਵਾਨਾਂ ਨੂੰ ਉਕਸਾਉਣ ਦੇ ਦੋਸ਼ ਹੇਠ ਵੱਖ ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਜਾਣਕਾਰੀ ਮਿਲੀ ਸੀ ਕਿ ਸ਼ਹਿਰ ਵਿੱਚ ‘ਰਿਫਰੈਂਡਮ-2020’ ਦਾ ਸੁਨੇਹਾ ਪਰਚਾਰਨ ਅਤੇ ਵੱਖ ਵੱਖ ਥਾਵਾਂ ’ਤੇ ਬੈਨਰ ਤੇ ਪੋਸਟਰ ਲਾਉਣ ਦੇ ਯਤਨ ਹੋ ਰਹੇ ਹਨ। ਸੁਖਰਾਜ ਸਿੰਘ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਨਾਗੋਕੇ ਦਾ ਵਾਸੀ ਹੈ ਤੇ ਅੰਮ੍ਰਿਤਸਰ ਦੇ ਸੁਲਤਾਨਵਿੰਡ ਪਿੰਡ ਵਿੱਚ ਰਹਿੰਦਾ ਹੈ। ਉਹ ਵਹਿਣੀਵਾਲ ਪਿੰਡ ਦੇ ਮਲਕੀਤ ਸਿੰਘ ਨਾਲ ਮਿਲ ਕੇ ਪੋਸਟਰ ਅਤੇ ਬੈਨਰ ਬਣਾ ਰਿਹਾ ਹੈ।

## ਸੰਕਟ ਟਾਲਣ ਲਈ ਸੁਖਬੀਰ ਬਾਦਲ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਮੀਟਿੰਗਾਂ

ਬਠਿੰਡਾ, 21 ਅਕਤੂਬਰ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੀ ਪਾਰਟੀ ਅਤੇ ਪਰਵਾਰ ਦਾ ਸੰਕਟ ਟਾਲਣ ਲਈ ਇੱਕ ‘ਗੁਪਤ ਮਿਸ਼ਨ’ ਸ਼ੁਰੂ ਕੀਤਾ ਹੈ। ਮੁੱਢਲੇ ਪੜਾਅ ਵਿੱਚ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਦੀ ਨਬਜ਼ ਟੋਹਣੀ ਆਰੰਭ ਕੀਤੀ ਹੈ।

ਪਿੰਡ ਬਾਦਲ ਵਿਚ ਬਾਦਲ ਪਰਵਾਰ ਦੀ ਜੱਦੀ ਰਿਹਾਇਸ਼ ’ਤੇ ਸ਼੍ਰੋਮਣੀ ਕਮੇਟੀ ਦੇ ਪੰਜ ਜ਼ਿਲ੍ਹਿਆਂ ਦੇ ਕਰੀਬ ਡੇਢ ਦਰਜਨ ਮੈਂਬਰਾਂ ਨਾਲ ਸੁਖਬੀਰ ਸਿੰਘ ਬਾਦਲ ਨੇ ਚਾਰ ਘੰਟੇ ਤੱਕ ਮੀਟਿੰਗ ਕੀਤੀ। ਉਨ੍ਹਾਂ ਨੇ ਇਕੱਲੇ-ਇਕੱਲੇ ਮੈਂਬਰ ਨਾਲ ਗੱਲ ਕੀਤੀ ਅਤੇ ਅਕਾਲੀ ਦਲ ਦੇ ਖ਼ਿਲਾਫ਼ ਬਣੇ ਹੋਣੇ ਮਾਹੌਲ ਨਾਲ ਨਜਿੱਠਣ ਲਈ ਉਨ੍ਹਾਂ ਤੋਂ ਮਸ਼ਵਰੇ ਲਏ। ਇਸ ਮੀਟਿੰਗ ਬਹਾਨੇ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਨਿੱਜੀ ਰੌਂਅ ਜਾਣਨਾ ਚਾਹੁੰਦੇ ਸਨ। ਬਾਅਦ ਦੁਪਹਿਰ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਵੀ ਮੀਟਿੰਗ ਕੀਤੀ। ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੀ 22 ਅਕਤੂਬਰ ਨੂੰ ਮੀਟਿੰਗ ਹੋਣੀ ਹੈ, ਜਿਸ ਵਿਚ ਅਕਾਲ ਤਖ਼ਤ ਦਾ ਨਵਾਂ ਜਥੇਦਾਰ ਲਾਉਣ ਬਾਰੇ ਫ਼ੈਸਲਾ ਹੋ ਸਕਦਾ ਹੈ। ਸੂਤਰਾਂ ਮੁਤਾਬਕ ਹਾਲ ਦੀ ਘੜੀ ਕਾਰਜਕਾਰੀ ਜਥੇਦਾਰ ਲਾਏ ਜਾਣ ਦੀ ਸੰਭਾਵਨਾ ਹੈ।


HOMELIFE SILVERCITY Realty Inc. Brokerage

Kulwinder Chhina

SALES REPRESENTATIVE

647.293.2327

www.Kulwinderchhina.com



Condo Townhouse for sale.




ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਉਨ ਹਾਉਸ

A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities



KAMAL SANDHU

Sales Representative

647.891.0143

905.488.2100 ext. 407

www.arearealtor.com

realtorkamalsandhu@gmail.com

Century 21 President Realty Inc. Brokerage*

Looking For a Nest..? Call the Best

PLATINUM MORTGAGES

FOR ALL MORTGAGE NEEDS

QUICK MORTGAGE ARRANGEMENT

2ND MORTGAGE

- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING

Professional & Quality Service Guaranteed



Kanwaljit S. Dhunna

Mortgage broker

416.301.1976

Email: kdhunna62@gmail.com

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4

Avro Transport Inc.

Owner Operator/Single Drives & Team Drivers ਦੀ ਲੋੜ ਹੈ

Toronto to Montreal, Midwest & USA

Brand New Truck's Available

For Owner Operator:- $1.55

*Plates + Insurance + Tolls will be paid by Company

For Drivers:- $0.58 + $0.02

*Safety Bonus

For Team Drivers:- $0.70



ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-

Ph: 416-896-1313



## ਬਜਟ ਦੀ ਕਮੀ ਕਾਰਨ ਹੈਲੀਕਾਪਟਰਾਂ, ਮਿਜ਼ਾਈਲਾਂ ਦੀ ਖਰੀਦ ਰੁਕੀ

ਨਵੀਂ ਦਿੱਲੀ, 21 ਅਕਤੂਬਰ (ਪੋਸਟ ਬਿਊਰੋ)- ਭਾਰਤੀ ਹਵਾਈ ਫੌਜ ਫੰਡ ਦੀ ਕਮੀ ਨਾਲ ਜੂਝ ਰਹੀ ਹੈ। ਫੰਡ ਦੀ ਇਹ ਕਮੀ ਹੌਲੀ ਹੌਲੀ ਹੋ ਰਹੀ ਹੈ, ਪਰ ਹਵਾਈ ਫੌਜ (ਆਈ ਏ ਐੱਫ) ਦੀਆਂ ਅਪਰੇਸ਼ਨਲ ਤਿਆਰੀਆਂ 'ਤੇ ਲਗਾਤਾਰ ਪ੍ਰਭਾਵ ਪੈ ਰਿਹਾ ਹੈ, ਜਿਸ ਕਾਰਨ ਹੈਲੀਕਾਪਟਰਾਂ, ਸਮਾਰਟ ਬੰਬਾਂ ਅਤੇ ਮਿਜ਼ਾਈਲਾਂ ਦੀ ਖਰੀਦ ਦੇ ਨਾਲ ਪੱਛਮੀ ਤੇ ਪੂਰਬੀ ਫਰੰਟਾਂ ਉਤੇ ਮਹੱਤਵ ਪੂਰਨ ਏਅਰਬੇਸ ਦੇ ਰੰਨਵੇ ਦੀ ਮੁਰੰਮਤ ਨੂੰ ਹੋਲਡ ਉੱਤੇ ਰੱਖਣਾ ਪੈ ਰਿਹਾ ਹੈ.

ਜਾਣਕਾਰ ਸੂਤਰਾਂ ਨੇ ਕਿਹਾ ਕਿ 48 ਹੋਰ ਰੂਸੀ ਐੱਮ ਆਈ 17 ਮੀਡੀਅਮ ਲਿਫਟ ਹੈਲੀਕਾਪਟਰ (6900 ਕਰੋੜ ਰੁਪਏ) ਵਰਗੇ ਕਈ ਸੌਦੇ ਫੰਡ ਦੀ ਕਮੀ ਦੇ ਕਾਰਨ ਠੰਢੇ ਬਸਤੇ ਵਿੱਚ ਹਨ। ਇਸ ਵਿੱਚ ਰਸ਼ੀਅਨ ਲੇਜ਼ਰ ਗਾਈਡਿਡ ਬੰਬ ਅਤੇ ਦੁਸ਼ਮਣ ਉੱਤੇ ਸਿੱਧੀ ਮਾਰ ਕਰਨ ਵਾਲੇ ਦੂਸਰੇ ਹਥਿਆਰ ਵੀ ਸ਼ਾਮਲ ਹਨ। ਫੰਡ ਦੀ ਕਮੀ ਆਉਣ ਨਾਲ ਦੇਸ਼ ਦੇ ਕਈ ਏਅਰਬੇਸ ਵਿੱਚ ਬੁਨਿਆਦੀ ਢਾਂਚੇ ਅਤੇ ਰੰਨਵੇ ਦੇ ਅਪਗ੍ਰੇਡ ਹੋਣ ਉੱਤੇ ਪ੍ਰਭਾਵ ਪਿਆ ਹੈ ਜਿਨ੍ਹਾਂ ਵਿੱਚੋਂ ਤਿੰਨ ਏਅਰਬੇਸ ਸ਼ਿਲਾਂਗ ਵਿੱਚ ਪੂਰਬੀ ਹਵਾਈ ਫੌਜ ਦੇ ਅਧੀਨ ਹਨ। ਵੈਸਟਰਨ ਫਰੰਟ ਉੱਤੇ ਹਵਾਈ ਫੌਜ ਵੱਲੋਂ ਬਕਾਇਆ ਬਿਲ ਨਾ ਦੇਣ ਕਾਰਨ ਅਵੰਤੀਪੁਰ (ਜੰਮੂ-ਕਸ਼ਮੀਰ) ਅਤੇ ਚੰਡੀਗੜ੍ਹ ਸਟੇਸ਼ਨਾਂ 'ਤੇ ਰੰਨਵੇ ਦੋਬਾਰਾ ਬਣਾਉਣ ਦੇ ਠੇਕੇਦਾਰਾਂ ਨੂੰ ਅਦਾਲਤ ਜਾਣਾ ਪਿਆ ਸੀ। ਸਿਰਸਾ ਤੇ ਬਕਸ਼ੀ ਦਾ ਤਲਾਬ (ਲਖਨਊ) ਵਰਗੇ ਸਟੇਸ਼ਨਾਂ 'ਤੇ ਚੱਲ ਰਹੇ ਕੰਮ ਦੇ ਨਾਲ-ਨਾਲ ਹੈਦਰਾਬਾਦ ਵਿੱਚ ਆਈ ਏ ਐੱਫ ਅਕਾਦਮੀ ਵੀ ਇਸੇ ਕਾਰਨ ਤੋਂ ਪ੍ਰਭਾਵਤ ਹੋ ਸਕਦੀ ਹੈ।

## ਸਬਰੀਮਾਲਾ ਮੰਦਰ ਜਾਣ ਦੇ ਯਤਨ ਕਰਨ ਵਾਲੀਆਂ ਰੇਹਾਨਾ ਤੇ ਹੋਰਨਾਂ ਦੇ ਘਰਾਂ ਦੀ ਭੰਨਤੋੜ ਤੇ ਪੱਥਰਬਾਜ਼ੀ

ਕੋਚੀ, 21 ਅਕਤੂਬਰ (ਪੋਸਟ ਬਿਊਰੋ)- ਬੀਤੇ ਦਿਨੀਂ ਸਬਰੀਮਾਲਾ ਮੰਦਰ ਵਿੱਚ ਜਾਣ ਦੀ ਕੋਸ਼ਿਸ਼ ਕਰਨ ਵਾਲੀ ਸਮਾਜਕ ਕਾਰਕੁਨ ਰੇਹਾਨਾ ਫਾਤਿਮਾ ਦੇ ਘਰ ਕੱਲ੍ਹ ਕੁਝ ਅਣਪਛਾਤੇ ਸਮਾਜ ਵਿਰੋਧੀ ਅਨਸਰਾਂ ਨੇ ਭੰਨ ਤੋੜ ਕੀਤੀ ਹੈ।

ਵਰਨਣ ਯੋਗ ਹੈ ਕਿ ਰੇਹਾਨਾ ਨੇ ਭਾਰੀ ਪੁਲਸ ਫੋਰਸ ਦੀ ਮਦਦ ਨਾਲ ਮੰਦਰ ਨੂੰ ਜਾਣ ਦੀ ਅਸਫਲ ਕੋਸ਼ਿਸ਼ ਕੀਤੀ ਸੀ। ਪੁਲਸ ਸੂਤਰਾਂ ਮੁਤਾਬਕ ਪਾਨਾਮਬਿਲੈਂ ਨਗਰ ਵਿੱਚ ਮੁਜ਼ਾਹਰਾਕਾਰੀ ਫਾਤਿਮਾ ਦੇ ਘਰ ਪੁੱਜ ਗਏ ਤੇ ਭੰਨਤੋੜ ਕੀਤੀ। ਫਾਤਿਮਾ ਅਤੇ ਹੈਦਰਾਬਾਦ ਦੀ ਪੱਤਰਕਾਰ ਕਵਿਤਾ ਨੂੰ ਭਾਰੀ ਪੁਲਸ



ਰੇਹਾਨਾ ਦੇ ਘਰ ਦੇ ਬਾਹਰ ਕੀਤੇ ਪਥਰਾਅ ਤੋਂ ਬਾਅਦ ਜਾਂਚ ਕਰਦੀ ਪੁਲਸ।

ਨਾਲ ਮੰਦਰ ਵਿੱਚ ਲਿਜਾਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਸ ਤੋਂ ਇਲਾਵਾ ਤਿਰੂਵਨੰਤਪੁਰਮ ਜ਼ਿਲ੍ਹੇ ਵਿੱਚ ਕਾਜ਼ਾਕੋਟਯਮ ਵਿੱਚ ਪਹਾੜੀ ਹੇਠੋਂ ਪੰਬਾ ਤੋਂ ਜੰਗਲ ਦੇ ਰਸਤੇ ਮੰਦਰ ਜਾਣ ਦੀ ਕੋਸ਼ਿਸ਼ ਕਰਨ ਵਾਲੀ ਔਰਤ ਦੇ ਘਰ ਉੱਤੇ ਵੀ ਅਣਪਛਾਤੇ ਲੋਕਾਂ ਨੇ ਹਮਲਾ ਕਰ ਕੇ ਭੰਨਤੋੜ ਕੀਤੀ ਹੈ। ਬੁੰਬਾ ਅਤੇ ਮੁਰੂਕੱਮਪੁਜ਼ਾ ਵਿੱਚ ਵੀ ਪਵਿੱਤਰ ਪਹਾੜੀ ਉੱਤੇ ਚੜ੍ਹਨ ਵਾਲੀਆਂ ਔਰਤਾਂ ਦੇ ਘਰ ਭੰਨਤੋੜ ਕੀਤੀ ਤੇ ਪੱਥਰਬਾਜ਼ੀ ਹੋਈ ਹੈ। ਇਸ ਦੌਰਾਨ ਇੱਕ ਔਰਤ ਵੱਲੋਂ ਸਬਰੀਮਾਲਾ ਮੰਦਰ ਵਿੱਚ ਦਾਖਲ ਹੋਣ ਦੀ ਅਫਵਾਹ ਫੈਲਣ ਨਾਲ ਰੋਸ ਫੈਲ ਗਿਆ ਅਤੇ ਸ਼ਰਧਾਲੂਆਂ ਨੇ ਮੰਦਰ ਦੇ ਬਾਹਰ ਮੁਜ਼ਾਹਰਾ ਕੀਤਾ, ਪਰ ਤਾਮਿਲ ਨਾਡੂ ਦੀ ਇਸ ਔਰਤ ਨੇ ਦੱਸਿਆ ਕਿ ਉਹ 50 ਸਾਲ ਤੋਂ ਵੱਧ ਉਮਰ ਦੀ ਹੈ ਤਾਂ ਸਥਿਤੀ ਸ਼ਾਂਤ ਹੋ ਗਈ। ਇਸ ਦੌਰਾਨ ਭਾਜਪਾ ਦੇ ਸੂਬਾਈ ਜਨਰਲ ਸਕੱਤਰ ਏ ਐੱਨ ਰਾਧਾਕ੍ਰਿਸ਼ਨਨ ਦੀ ਅਗਵਾਈ ਵਿੱਚ ਸਬਰੀਮਾਲਾ ਮੰਦਰ ਦੀ ਪਵਿੱਤਰਤਾ ਨੂੰ ਬਹਾਲ ਰੱਖਣ ਲਈ ਮੁਜ਼ਾਹਰਾ ਕੀਤਾ ਗਿਆ।

## ਚੀਨ ਦੀ ਚਿਤਾਵਨੀ ਪਿੱਛੋਂ ਅਰੁਣਾਚਲ ਤੇ ਅਸਾਮ ਵਿੱਚ ਹੜ੍ਹਾਂ ਬਾਰੇ ਅਲਰਟ ਜਾਰੀ

ਨਵੀਂ ਦਿੱਲੀ, 21 ਅਕਤੂਬਰ (ਪੋਸਟ ਬਿਊਰੋ)- ਚੀਨ ਤੋਂ ਮਿਲੀ ਹੜ੍ਹ ਆਉਣ ਦੀ ਚਿਤਾਵਨੀ ਮਗਰੋਂ ਅਰੁਣਾਚਲ ਪ੍ਰਦੇਸ਼ ਅਤੇ ਅਸਾਮ ਦੀਆਂ ਸਰਕਾਰਾਂ ਅਤੇ ਕੇਂਦਰ ਸਰਕਾਰ ਵੀ ਚੌਕਸ ਹੋ ਗਈਆਂ ਹਨ। ਕੇਂਦਰ ਸਰਕਾਰ ਨੇ ਦੋਵਾਂ ਰਾਜਾਂ ਵਿੱਚ ਸਥਿਤੀ ਨਾਲ ਨਿਪਟਣ ਲਈ 14 ਕੰਪਨੀਆਂ ਆਫਤ ਰਾਹਤ ਫੋਰਸ (ਐੱਨ ਡੀ ਆਰ ਐੱਫ) ਭੇਜੀ ਹੈ।



ਵਰਨਣ ਯੋਗ ਹੈ ਕਿ ਅਰੁਣਾਚਲ ਪ੍ਰਦੇਸ਼ ਦੇ ਪੂਰਬੀ ਸਿਆਂਗ ਜ਼ਿਲ੍ਹੇ ਵਿਚ ਸਿਆਂਗ ਨਦੀ ਦੇ ਪਾਣੀ ਦਾ ਪੱਧਰ ਕੱਲ੍ਹ ਸਵੇਰ ਤੋਂ ਵਧਣਾ ਸ਼ੁਰੂ ਹੋ ਗਿਆ ਸੀ। ਇਸ ਦੇ ਕੁਝ ਦਿਨਾਂ ਤੱਕ ਲਗਾਤਾਰ ਵਧਣ ਦੀ ਸ਼ੰਕਾ ਹੈ। ਇਸ ਨਦੀ ਨੂੰ ਅਸਾਮ 'ਚ ਬ੍ਰਹਮਪੁੱਤਰ ਨਦੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਲਈ ਨਦੀ ਵਿੱਚ ਹੜ੍ਹ ਦਾ ਅਸਰ ਅਸਾਮ ਉਤੇ ਪੈ ਸਕਦਾ ਹੈ। ਇਹ ਸਥਿਤੀ ਚੀਨ ਦੇ ਤਿੱਬਤ ਇਲਾਕੇ ਵਿੱਚ ਢਿੱਗਾਂ ਡਿੱਗਣ ਨਾਲ ਯਾਰਲੁੰਗ ਸਾਂਗਪੋ ਨਦੀ ਦਾ ਵਹਾਅ ਰੁਕਣ ਤੋਂ ਬਣੀ ਹੈ, ਜਿਸ ਕਾਰਨ ਚੀਨੀ ਖੇਤਰ ਵਿੱਚ ਵੱਡੀ ਝੀਲ ਬਣ ਗਈ ਹੈ ਅਤੇ ਪਾਣੀ ਦਾ ਦਬਾਅ ਵਧਣ ਨਾਲ ਇਸ ਦੀ ਕੁਦਰਤੀ ਦੀਵਾਰ ਕਦੇ ਵੀ ਟੁੱਟ ਸਕਦੀ ਹੈ। ਅਰੁਣਾਚਲ ਪ੍ਰਦੇਸ਼ ਦੇ ਜਲ ਸਾਧਨ ਵਿਭਾਗ ਅਨੁਸਾਰ ਨਦੀ ਵਿੱਚ ਪਾਣੀ ਦੇ ਪੱਧਰ ਵਿੱਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਪੂਰਬੀ ਸਿਆਂਗ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੁਲੀ ਕਾਮਡੁਕ ਹੇਠਲੇ ਅਧਿਕਾਰੀਆਂ ਨਾਲ ਹਾਲਾਤ ਉਤੇ ਨਜ਼ਰ ਰੱਖ ਰਹੇ ਹਨ। ਚੀਨ ਤੋਂ ਮਿਲੀ ਸੂਚਨਾ ਦੇ ਆਧਾਰ 'ਤੇ ਹੇਠਲੇ ਇਲਾਕੇ ਖਾਲੀ ਕਰਵਾ ਦਿੱਤੇ ਗਏ ਹਨ। ਅਰੁਣਾਚਲ ਪ੍ਰਦੇਸ਼ ਨੂੰ ਹਾਲਾਤ ਨਾਲ ਨਿਪਟਣ ਲਈ ਕੇਂਦਰ ਸਰਕਾਰ ਨੇ ਐੱਨ ਡੀ ਆਰ ਐੱਫ ਦੀਆਂ ਅੱਠ ਕੰਪਨੀਆਂ ਦਿੱਤੀਆਂ ਹਨ ਅਤੇ ਕੇਂਦਰੀ ਮਾਹਿਰਾਂ ਦਾ ਦਲ ਵੀ ਅਰੁਣਾ-ਚਲ ਪ੍ਰਦੇਸ਼ ਪੁੱਜ ਗਿਆ ਹੈ।

ਅਸਾਮ ਵਿੱਚ ਧੇਮਾਜੀ, ਡਿਬਰੂਗੜ੍ਹ, ਲਖੀਮਪੁਰ ਅਤੇ ਤਿਨਸੁਕੀਆ ਜ਼ਿਲ੍ਹਿਆਂ ਵਿੱਚ ਚੌਕਸੀ ਵਰਤੀ ਜਾ ਰਹੀ ਹੈ। ਮੁੱਖ ਮੰਤਰੀ ਸਰਬਾਨੰਦ ਸੋਨੋਵਾਲ ਨੇ ਅਧਿਕਾਰੀਆਂ ਨੂੰ ਹੜ੍ਹ ਨਾਲ ਨਿਪਟਣ ਦੇ ਸਾਰੇ ਇੰਤਜ਼ਾਮ ਕਰਨ ਦੇ ਨਿਰਦੇਸ਼ ਦਿੱਤੇ ਹਨ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਮੁੱਖ ਮੰਤਰੀ ਸੋਨੋਵਾਲ ਨਾਲ ਗੱਲ ਕਰ ਕੇ ਹੜ੍ਹ ਨਾਲ ਨਿਪਟਣ ਦੇ ਇੰਤਜ਼ਾਮਾਂ ਦੀ ਜਾਣਕਾਰੀ ਲਈ ਹੈ। ਕੇਂਦਰ ਨੇ ਅਸਾਮ ਲਈ ਐਨ ਡੀ ਆਰ ਐਫ ਦੀਆਂ ਛੇ ਕੰਪਨੀਆਂ ਭੇਜੀਆਂ ਹਨ।

## ਫਰੀਦਾਬਾਦ ਵਿੱਚ ਵੀ ਪੂਰੇ ਪਰਵਾਰ ਨੇ ਫਾਹਾ ਲਾ ਕੇ ਜਾਨ ਦਿੱਤੀ

ਫਰੀਦਾਬਾਦ, 21 ਅਕਤੂਬਰ (ਪੋਸਟ ਬਿਊਰੋ)- ਫਰੀਦਾਬਾਦ ਜ਼ਿਲ੍ਹੇ ਦਾ ਸੂਰਜਕੁੰਡ ਥਾਣੇ ਹੇਠਲੇ ਇਲਾਕੇ ਵਿਚਲੇ ਇੱਕ ਘਰ ਵਿੱਚ ਇੱਕੋ ਪਰਵਾਰ ਦੇ ਚਾਰ ਮੈਂਬਰਾਂ ਦੀਆਂ ਲਾਸ਼ਾਂ ਮਿਲਣ ਕਾਰਨ ਹੜਕੰਪ ਮਚ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਦਿਆਲਬਾਗ ਕਲੋਨੀ ਵਿੱਚ ਕੱਲ੍ਹ ਇੱਕੋ ਪਰਵਾਰ ਦੇ ਚਾਰ ਮੈਂਬਰਾਂ ਦੀਆਂ ਲਾਸ਼ਾਂ ਮਿਲੀਆਂ ਸਨ। ਮਰਨ ਵਾਲਿਆਂ 'ਚ ਤਿੰਨ ਸਕੀਆਂ ਭੈਣਾਂ ਅਤੇ ਉਨ੍ਹਾਂ ਦਾ ਇੱਕ ਭਰਾ ਸ਼ਾਮਲ ਹੈ।



ਮੰਨਿਆ ਜਾ ਰਿਹਾ ਹੈ ਕਿ ਸਾਰਿਆਂ ਨੇ ਸਮੂਹਿਕ ਤੌਰ 'ਤੇ ਫਾਹਾ ਲਾ ਕੇ ਖੁਦਕੁਸ਼ੀ ਕੀਤੀ ਹੈ। ਇਸ ਦਾ ਕਾਰਨ ਆਰਥਿਕ ਤੰਗੀ ਦੱਸਿਆ ਜਾ ਰਿਹਾ ਹੈ। ਮ੍ਰਿਤਕਾਂ ਦੀ ਪਛਾਣ ਪ੍ਰਦੀਪ, ਮੀਨਾ, ਬੀਨਾ ਅਤੇ ਦਇਆ ਹੈ। ਸਾਰਿਆਂ ਦੀ ਉਮਰ 24 ਤੋਂ 30 ਸਾਲਾਂ ਵਿਚਾਲੇ ਹੈ। ਇਨ੍ਹਾਂ ਦੇ ਮਾਤਾ-ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਇਹ ਸਾਰੇ ਭੈਣ-ਭਰਾ ਦਿਆਲਬਾਗ 'ਚ ਕਿਰਾਏ ਦੇ ਮਕਾਨ ਵਿੱਚ ਰਹਿ ਰਹੇ ਸਨ। ਵਰਨਣ ਯੋਗ ਹੈ ਕਿ ਅਜਿਹੀ ਹੀ ਇੱਕ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਇਸੇ ਸਾਲ ਇੱਕ ਜੁਲਾਈ ਨੂੰ ਬੁਰਾੜੀ ਸਥਿਤ ਇੱਕ ਘਰ ਵਿੱਚ ਵਾਪਰੀ ਸੀ, ਜਿੱਥੇ ਇੱਕੋ ਪਰਵਾਰ ਦੇ 11 ਮੈਂਬਰਾਂ ਫਾਹੇ ਉਤੇ ਲਟਕੇ ਮਿਲੇ ਸਨ।

## ਗੁਜਰਾਤ 'ਚ ਸਤਾਰਾਂ ਲੱਖ ਤੋਂ ਵੱਧ ਦੇ ਨਕਲੀ ਨੋਟ ਬਰਾਮਦ

ਭਰੂਚ, 21 ਅਕਤੂਬਰ, (ਪੋਸਟ ਬਿਊਰੋ)- ਗੁਜਰਾਤ ਦੇ ਭਰੂਚ ਜ਼ਿਲੇ ਦੇ ਨੇਤਰਾਂਗ ਤਾਲੁਕਾ ਦੇ ਇਕ ਪਿੰਡ ਤੋਂ ਪੁਲਸ ਨੇ ਦੋ ਜਣਿਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ ਵੱਡੀ ਗਿਣਤੀ 'ਚ 200 ਰੁਪਏ, 500 ਰੁਪਏ ਅਤੇ 2,000 ਰੁਪਏ ਵਾਲੇ ਨਕਲੀ ਨੋਟ ਅਤੇ ਕੁਝ ਹਥਿਆਰ ਵੀ ਬਰਾਮਦ ਕੀਤੇ ਹਨ।

ਪਤਾ ਲੱਗਾ ਹੈ ਕਿ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ ਉੱਤੇ ਇੱਕ ਮਕਾਨ ਵਿਚ ਛਾਪਾ ਮਾਰਿਆ, ਜਿੱਥੇ ਰਹਿਣ ਵਾਲੇ ਬੋਟਾਦ ਦੇ ਵਾਸੀ ਚਾਚਾ-ਭਤੀਜਾ ਕੋਲੋਂ ਕੁੱਲ 17 ਲੱਖ 36 ਹਜ਼ਾਰ 700 ਰੁਪਏ (200 ਰੁਪਏ ਦੇ 746 ਨੋਟ, 500 ਰੁਪਏ ਦੇ 75 ਨੋਟ ਅਤੇ 2,000 ਰੁਪਏ ਦੇ 775) ਨਕਲੀ ਨੋਟ ਮਿਲੇ ਹਨ। ਇਹ ਨੋਟ ਚੰਗੀ ਗੁਣਵੱਤਾ ਵਾਲੇ ਨਹੀਂ ਹਨ। ਇਨ੍ਹਾਂ ਨੂੰ ਬਣਾਉਣ ਲਈ ਪ੍ਰਿੰਟਰ ਅਤੇ ਹੋਰ ਯੰਤਰਾਂ ਤੋਂ ਇਲਾਵਾ ਓਥੋਂ 4 ਪਿਸਤੌਲ ਤੇ 8 ਕਾਰਤੂਸ ਮਿਲੇ ਹਨ ਅਤੇ ਇਕ ਲੱਖ ਰੁਪਏ ਦੀ ਅਸਲੀ ਨਕਦੀ ਵੀ ਮਿਲੀ ਹੈ। ਦੋਵੇਂ ਜਾਲਸਾਜ਼ ਇਨ੍ਹਾਂ ਨੋਟਾਂ ਨੂੰ ਆਲੇ-ਦੁਆਲੇ ਦੇ ਘੱਟ ਪੜ੍ਹੇ-ਲਿਖੇ, ਆਦਿ ਵਾਸੀ ਅਤੇ ਬਜ਼ੁਰਗ ਲੋਕਾਂ ਨੂੰ ਝਾਂਸਾ ਦੇ ਕੇ ਚਲਾਉਂਦੇ ਸਨ।

ਵਰਣਣ ਯੋਗ ਹੈ ਕਿ ਗੁਜਰਾਤ ਪੁਲਸ ਦੇ ਅੱਤਵਾਦ ਰੋਕੂ ਦਸਤੇ ਨੇ ਬੀਤੇ ਸ਼ੁੱਕਰਵਾਰ ਨੂੰ ਵੀ ਜੂਨਾਗੜ੍ਹ ਤੋਂ ਇਕ ਵਿਅਕਤੀ ਨੂੰ ਫੜ ਕੇ ਉਸ ਕੋਲੋਂ 500 ਅਤੇ 2,000 ਦੇ ਬਿਲਕੁਲ ਅਸਲੀ ਵਾਂਗ ਦਿੱਸਦੇ 1 ਲੱਖ 52 ਹਜ਼ਾਰ ਰੁਪਏ ਦੇ ਨਕਲੀ ਨੋਟ ਬਰਾਮਦ ਕੀਤੇ ਸਨ।

## ਤਿਰੂਪਤੀ ਮੰਦਰ ਵਿੱਚ ਲੱਡੂਆਂ ਦਾ ਘਪਲਾ: 14000 ਲੱਡੂ ਬਲੈਕ ਵਿੱਚ ਵੇਚਣ ਦਾ ਸ਼ੱਕ

ਤਿਰੂਪਤੀ, 21 ਅਕਤੂਬਰ (ਪੋਸਟ ਬਿਊਰੋ)- ਨਰਾਤੇ ਖਤਮ ਹੁੰਦੇ ਸਾਰ ਆਂਧਰਾ ਪ੍ਰਦੇਸ਼ ਦੇ ਪ੍ਰਸਿੱਧ ਤਿਰੂਪਤੀ ਮੰਦਰ ਵਿੱਚ ਲੱਡੂਆਂ ਦਾ ਘਪਲਾ ਸਾਹ-ਮਣੇ ਆਇਆ ਹੈ। ਕਿਹਾ ਜਾ ਰਿਹਾ ਹੈ ਕਿ ਠੇਕੇ ਉਤੇ ਰੱਖੇ ਕੁਝ ਕਰਮਚਾਰੀਆਂ ਨੇ ਮੰਦਰ ਵਿੱਚ ਪ੍ਰਸਾਦ ਦੇ ਰੂਪ ਵਿੱਚ ਦਿੱਤੇ ਜਾਣ ਵਾਲੇ ਲੱਡੂਆਂ ਵਿੱਚੋਂ 14000 ਲੱਡੂਆਂ ਨੂੰ ਬਲੈਕ ਮਾਰਕੀਟ ਵਿੱਚ ਵੇਚ ਦਿੱਤਾ ਹੈ ਅਤੇ ਇਸ ਤੋਂ ਮੋਟੀ ਕਮਾਈ ਕਰ ਗਏ ਹੋ ਸਕਦੇ ਹਨ।

ਵਰਨਣ ਯੋਗ ਹੈ ਕਿ ਇਸ ਮੰਦਰ ਵਿੱਚ ਦਰਸ਼ਨ ਕਰਨ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਟੋਕਨ ਦੇ ਆਧਾਰ 'ਤੇ ਲੱਡੂ ਦਿੱਤੇ ਜਾਂਦੇ ਹਨ। ਘਪਲੇ ਦੀ ਇਸ ਘਟਨਾ ਨਾਲ ਮੰਦਰ ਦਾ ਪ੍ਰਬੰਧ ਕਰਨ ਵਾਲਾ ਤਿਰੁਮਾਲਾ ਤਿਰੁਪਤੀ ਦੇਵਸਥਾਨਮ (ਟੀ ਟੀ ਡੀ) ਸਦਮੇ ਵਿੱਚ ਹੈ। ਨਰਾਤੇ ਬ੍ਰਹਮ ਉਤਸਵ ਦੌਰਾਨ ਗਰੁੜ ਸੇਵਾ ਉੱਤੇ ਭਗਤਾਂ ਦੀ ਭਾਰੀ ਭੀੜ ਦੀ ਆਸ ਵਿੱਚ ਟੀ ਟੀ ਡੀ ਵੱਲੋਂ ਮੈਨੂਅਲ ਸਿਸਟਮ ਦੀ ਵਿਵਸਥਾ ਕੀਤੀ ਗਈ ਸੀ। ਬੀਤੀ 14, 15 ਅਤੇ 16 ਅਕਤੂਬਰ ਨੂੰ ਕੁੱਲ ਇਸ ਬਾਰੇ 30,000 ਟੋਕਨ ਦਿੱਤੇ ਗਏ। ਇਹ ਟੋਕਨ ਆਨਲਾਈਨ ਦੀ ਬਜਾਏ ਮੈਨੂਅਲ ਤਰੀਕੇ ਨਾਲ ਵੰਡੇ ਗਏ ਸਨ ਤੇ ਲੱਡੂ ਪ੍ਰਸਾਦਮ ਟਿਕਟ ਕਾਊਂਟਰਸ ਉੱਤੇ ਕੰਮ ਕਰਨ ਵਾਲੇ ਕਰਮਚਾਰੀਆਂ 'ਤੇ ਸ਼ੱਕ ਹੈ ਕਿ ਉਨ੍ਹਾਂ ਨੇ ਪੁਰਾਣੇ ਟੋਕਨ ਨੰਬਰ ਨਾਲ ਹੀ ਦੁਬਾਰਾ 14000



ਜ਼ਿਆਦਾ ਲੱਡੂ ਲੈ ਲਏ, ਜਦੋਂ ਕਿ ਪਹਿਲਾਂ ਉਨ੍ਹਾਂ ਹੀ ਟੋਕਨਾਂ ਉਤੇ ਲੱਡੂਆਂ ਨੂੰ ਜ਼ਿਆਦਾ ਕੀਮਤ 'ਤੇ ਵੇਚਿਆ ਜਾ ਚੁੱਕਾ ਸੀ। ਇਸ ਤਰ੍ਹਾਂ ਇੱਕ ਬਹੁਤ ਵੱਡਾ ਘਪਲਾ ਹੋਇਆ ਹੈ।

## ਸਾਵਰਕਰ ਨੇ ਆਪਣੀ ਰਿਹਾਈ ਲਈ ਅੰਗਰੇਜ਼ਾਂ ਨੂੰ ਪੱਤਰ ਲਿਖੇ ਸੀ: ਰਾਹੁਲ

ਹੈਦਰਾਬਾਦ, 21 ਅਕਤੂਬਰ (ਪੋਸਟ ਬਿਊਰੋ)- ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਸ਼ਨਿਚਰਵਾਰ ਨੂੰ ਦੋਸ਼ ਲਾਇਆ ਕਿ ਰਾਸ਼ਟਰਵਾਦ ਦੇ ਪ੍ਰਤੀਕ ਦੇ ਰੂਪ ਵਿਚ ਭਾਜਪਾ ਜਿਸ ਵੀਰ ਸਾਵਰਕਰ ਦੀ ਪੂਜਾ ਕਰਦੀ ਹੈ, ਉਨ੍ਹਾਂ ਨੇ ਅੰਗਰੇਜ਼ਾਂ ਦੀ ਕੈਦ ਤੋਂ ਆਪਣੀ ਰਿਹਾਈ ਦੀ ਫ਼ਰਿਆਦ ਪੱਤਰ ਲਿਖ ਕੇ ਕੀਤੀ ਸੀ, ਜਦ ਕਿ ਉਸ ਵੇਲੇ ਮਹਾਤਮਾ ਗਾਂਧੀ ਅਤੇ ਉਨ੍ਹਾਂ ਵਰਗੇ ਹੋਰ ਨੇਤਾ ਅਤੇ ਭਾਰਤੀ ਦੇਸ਼ਭਗਤ ਜੇਲ੍ਹਾਂ ਵਿਚ ਬੰਦ ਸਨ।

'ਰਾਜੀਵ ਗਾਂਧੀ ਸਦਭਾਵਨਾ ਯਾਤਰਾ ਯਾਦਗਾਰ ਦਿਵਸ' ਮੌਕੇ ਚਾਰਮੀਨਾਰ ਨੇੜੇ ਪਹੁੰਚੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਰਾਹੁਲ ਗਾਂਧੀ ਨੇ ਕਿਹਾ, "ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀਰ ਸਾਵਰਕਰ ਦੀ ਫੋਟੋ ਪਾਰਲੀਮੈਂਟ ਵਿਚ ਲਵਾਉਂਦੇ ਹਨ, ਪਰ ਜਦੋਂ ਦੇਸ਼ ਉੱਤੇ ਅੰਗਰੇਜ਼ ਰਾਜ ਕਰ ਰਹੇ ਸਨ ਅਤੇ ਜਦੋਂ ਸਾਰੇ ਕਾਂਗਰਸੀ ਨੇਤਾ ਜੇਲ੍ਹਾਂ ਵਿਚ ਸਨ, ਉਦੋਂ ਵੀਰ ਸਾਵਰਕਰ ਨੇ ਅੰਗਰੇਜ਼ਾਂ ਨੂੰ ਪੱਤਰ ਲਿਖਿਆ ਸੀ। ਉਹ 'ਵੀਰ' (ਯਾਨੀ ਬਹਾਦਰ) ਨਹੀਂ ਸਨ।" ਰਾਹੁਲ ਗਾਂਧੀ ਨੇ ਕਿਹਾ ਕਿ ਸਾਵਰਕਰ ਨੇ ਕਿਹਾ ਸੀ ਕਿ ਉਹ ਉਨ੍ਹਾਂ (ਬ੍ਰਿਟਿਸ਼) ਦੇ ਲਈ ਕੁਝ ਵੀ ਕਰਨਗੇ ਤੇ ਸਾਵਰਕਰ ਨੇ ਇਹ ਲਿਖਿਆ ਸੀ, 'ਮੈਂ ਤੁਹਾਡੇ ਕੋਲੋਂ ਮਾਫ਼ੀ ਮੰਗਦਾ ਹਾਂ। ਮੈਂ ਕਿਸੇ ਸਿਆਸੀ ਸਰਗਰਮੀ ਵਿਚ ਹਿੱਸਾ ਨਹੀਂ ਲਵਾਂਗਾ। ਮੈਨੂੰ ਜੇਲ੍ਹ ਵਿਚੋਂ ਰਿਹਾਅ ਕਰ ਦਿਓ। ਕ੍ਰਿਪਾ ਕਰਕੇ ਮੈਨੂੰ ਕੈਦ ਤੋਂ ਆਜ਼ਾਦ ਕਰ ਦਿਓ।' ਰਾਹੁਲ ਨੇ ਕਿਹਾ ਕਿ ਦੂਜੇ ਪਾਸੇ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਡਾ. ਬੀ ਆਰ ਅੰਬੇਡਕਰ ਅਤੇ ਸਰਦਾਰ ਵੱਲਭਭਾਈ ਪਟੇਲ ਦੇਸ਼ ਦੀ ਆਜ਼ਾਦੀ ਲਈ ਲੜ ਰਹੇ ਸਨ।

## ਏਅਰ ਇੰਡੀਆ ਵਿੱਚ ਹੋਏ ਸੌਦਿਆਂ 'ਚ ਹਵਾਲਾ ਰਾਸ਼ੀ ਦਾ ਕੇਸ ਦਰਜ

ਨਵੀਂ ਦਿੱਲੀ, 21 ਅਕਤੂਬਰ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਮਨਮੋਹਨ ਸਿੰਘ ਵਾਲੀ ਯੂ ਪੀ ਏ ਸਰਕਾਰ ਦੇ ਵਕਤ ਹੋਏ ਏਅਰ ਇੰਡੀਆ ਤੇ ਇੰਡੀਅਨ ਏਅਰਲਾਈਨਜ਼ ਦੇ ਵਿਵਾਦਤ ਰਲੇਵੇਂ ਸਮੇਤ ਹੋਏ ਕਰੀਬ ਚਾਰ ਸੌਦਿਆਂ ਵਿੱਚ ਹਵਾਲਾ ਰਾਸ਼ੀ ਦੇ ਦੋਸ਼ਾਂ ਤੇ ਹੋਰ ਬੇਨਿਯਮੀਆਂ ਦੀ ਜਾਂਚ ਲਈ ਅਪਰਾਧਕ ਕੇਸ ਦਰਜ ਕੀਤਾ ਹੈ, ਜੋ ਸਰਕਾਰੀ ਹਵਾਈ ਕੰਪਨੀ ਏਅਰ ਇੰਡੀਆ ਲਈ ਤਾਜ਼ਾ ਮੁਸੀਬਤ ਬਣ ਸਕਦਾ ਹੈ।

ਇਸ ਬਾਰੇ ਕੇਂਦਰੀ ਏਜੰਸੀ ਨੇ ਪੁਲਸ ਕੇਸ ਦੇ ਬਰਾਬਰ ਘੱਟੋ-ਘੱਟ ਚਾਰ 'ਈ ਸੀ ਆਈ ਆਰ' ਦਾਇਰ ਕੀਤੀਆਂ ਹਨ। ਈ ਡੀ ਨੇ ਇਹ ਈ ਸੀ ਆਈ ਆਰ ਹਵਾਲਾ ਰਾਸ਼ੀ ਰੋਕਥਾਮ ਐਕਟ ਹੇਠ ਦਾਇਰ ਕੀਤੀਆਂ ਹਨ। ਇਸ ਸਬੰਧ ਵਿੱਚ



ਅਧਿਕਾਰੀ ਨੇ ਦੱਸਿਆ ਕਿ ਈ ਡੀ ਨੇ ਇਸ ਕੇਸ ਵਿੱਚ ਏਅਰਲਾਈਨ ਤੇ ਇਸ ਨਾਲ ਸਬੰਧਤ ਹੋਰ ਵਿਭਾਗਾਂ ਤੋਂ ਸਬੰਧਤ ਦਸਤਾਵੇਜ਼ ਪ੍ਰਾਪਤ ਕਰ ਲਏ ਹਨ, ਜਿਨ੍ਹਾਂ ਨੂੰ ਰਾਜਨੀਤਕ ਤੌਰ 'ਤੇ ਸੰਵੇਦਨਸ਼ੀਲ ਮੰਨਿਆ ਜਾ ਰਿਹਾ ਹੈ। ਅਧਿਕਾਰੀਆਂ ਦੇ ਅਨੁਸਾਰ ਜਾਂਚ ਏਜੰਸੀ ਇਹ ਪਤਾ ਲਾਉਣ ਲਈ ਖਾਸ ਜਾਂਚ ਕਰੇਗੀ ਕਿ ਬੇਨਿਯਮੀ ਨਾਲ ਕਿੰਨਾ ਕਾਲਾ ਧਨ ਪੈਦਾ ਹੋਇਆ ਤੇ ਕੀ ਦੋਸ਼ੀਆਂ ਨੇ ਨਾਜਾਇਜ਼ ਜਾਇਦਾਦ ਬਣਾਉਣ ਲਈ ਹਵਾਲਾ ਰਾਹੀਂ ਰਾਸ਼ੀ ਤਾਂ ਨਹੀਂ ਸੀ ਪ੍ਰਾਪਤ ਕੀਤੀ। ਈ ਡੀ ਵੱਲੋਂ ਇਹ ਕੇਸ ਸੀ ਬੀ ਆਈ ਦੇ ਚਾਰ ਕੇਸਾਂ ਉੱਤੇ ਆਧਾਰਤ ਹਨ।


DUCT CLEANING

A breath of Clean air

Residential & Commercial
Air duct cleaning
and dryer vent cleaning




66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ
ਤਸਲੀ ਬਖਸ਼ ਕੰਮ ਦੀ ਗਾਰੰਟੀ

For Professional Duct Cleaning Services
Call Air Frais Duct Cleaning at:
905-867-9000

◆ Insurance ◆

Punjab Insurance Inc

- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA



Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca



BANKRUPTCY, PROPOSAL, R9.........
no problem!
we will fix your credit

TNG SUNRISE SERVICES INC.

Tarun Genda(Kumar)
Tel:905-781-5292
Cell: 416-305-1290

TNG

PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property

CREDIT REPAIR:
Fix your Credit, Bankruptcy, Proposal, Collections, R-9 and Late payments.

CREDIT CONSULTING:
We do Settlement, Filling Bankruptcy & Proposals

ACCOUNTING:
Tax File get Maximum refund for personal & Bussiness

email: tngservices1@hotmail.com

Golden gate plaza
100 Pertosa Drive, Suite 211
Brampton, ON. L6X 0H9

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344

## ਪਾਕਿ ਵਿੱਚ ਕੰਪਨੀ ਨੇ ਔਰਤ ਮੁਲਾਜ਼ਮ ਨੂੰ ਕਿਹਾ, ਹਿਜ਼ਾਬ ਛੱਡੋ ਜਾਂ ਨੌਕਰੀ

ਕਰਾਚੀ, 21 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਇੱਕ ਸਾਫਟਵੇਅਰ ਕੰਪਨੀ ਕ੍ਰਿਏਟਿਵ ਕੈਆਸ ਨੇ ਕੰਮ ਵਾਲੀ ਥਾਂ ਉਤੇ ਔਰਤ ਮੁਲਾਜ਼ਮ ਦੇ ਸਾਹਮਣੇ ਹਿਜ਼ਾਬ ਜਾਂ ਨੌਕਰੀ ਛੱਡਣ ਦੀ ਸ਼ਰਤ ਰੱਖੀ ਤਾਂ ਰੌਲਾ ਪੈ ਗਿਆ। ਕੰਪਨੀ ਦਾ ਕਹਿਣਾ ਸੀ ਕਿ ਇਸ ਨਾਲ ਕੰਪਨੀ ਦੀ ਸਾਖ ਖਰਾਬ ਹੁੰਦੀ ਹੈ। ਮੁਸਲਿਮ ਦੇਸ਼ 'ਚ ਆਪਣੇ ਆਪ 'ਚ ਇਹ ਪਹਿਲਾ ਕੇਸ ਹੈ ਕਿ ਔਰਤਾਂ ਨੂੰ ਹਿਜ਼ਾਬ ਪਾਉਣ ਤੋਂ ਰੋਕਿਆ ਗਿਆ। ਕੰਪਨੀ ਦੇ ਇਸ ਆਦੇਸ਼ ਤੋਂ ਲੋਕ ਨਾਰਾਜ਼ ਹੋ ਗਏ।

ਇਹ ਮੁੱਦਾ ਪਾਕਿਸਤਾਨ ਵਿੱਚ ਇੰਨਾ ਗਰਮਾ ਗਿਆ ਕਿ ਲੋਕ ਕੰਪਨੀ ਦੇ ਸੀ ਈ ਓ ਜਾਵੇਦ ਕਾਦਰ ਦਾ ਅਸਤੀਫਾ ਮੰਗਣ ਲੱਗੇ। ਮਾਮਲਾ ਵਧਦਾ ਵੇਖ ਕੇ ਜਾਵੇਦ ਕਾਦਰ ਨੇ ਮੁਆਫੀ ਵੀ ਮੰਗ ਲਈ, ਪਰ ਲੋਕ ਅਸਤੀਫੇ ਦੀ ਮੰਗ ਉਤੇ ਅੜੇ ਰਹੇ। ਉਂਜ ਨੌਕਰੀ ਛੱਡਣ 'ਤੇ ਔਰਤ ਕੋਲ ਬੈਂਕ 'ਚ ਨੌਕਰੀ ਕਰਨ ਦੀ ਪੇਸ਼ਕਸ਼ ਸੀ। ਸ਼ੁੱਕਰਵਾਰ ਨੂੰ ਕੰਪਨੀ ਦੇ ਸੀਨੀਅਰ ਅਧਿਕਾਰੀ ਨੇ ਔਰਤ ਨੂੰ ਹਿਜ਼ਾਬ ਜਾਂ ਨੌਕਰੀ ਛੱਡਣ ਦਾ ਨਿਰਦੇਸ਼ ਦਿੱਤਾ ਸੀ। ਸ਼ੁਰੂ ਵਿੱਚ ਜਾਵੇਦ ਕਾਦਰ ਨੇ ਇਸ ਘਟਨਾ ਨੂੰ ਗੰਭੀਰਤਾ ਨਾਲ ਨਹੀਂ ਲਿਆ, ਪਰ ਬਾਅਦ ਵਿੱਚ ਉਸ ਨੇ ਕਿਹਾ ਕਿ ਇਸ ਪੂਰੀ ਘਟਨਾ ਦੀ ਮੈਂ ਜ਼ਿੰਮੇਵਾਰੀ ਲੈਂਦਾ ਹਾਂ। ਮੈਂ ਬਹੁਤ ਸ਼ਰਮਿੰਦਾ ਹਾਂ ਕਿ ਸਾਡੇ ਇੱਕ ਸਾਥੀ ਨੂੰ ਇਸ ਸੰਕਟ 'ਚੋਂ ਲੰਘਣਾ ਪਿਆ। ਅਸੀਂ ਪੀੜਤਾ ਨੂੰ ਆਪਣਾ ਅਸਤੀਫਾ ਵਾਪਸ ਲੈਣ ਅਤੇ ਦੁਬਾਰਾ ਨੌਕਰੀ ਸ਼ੁਰੂ ਕਰਨ ਲਈ ਕਹਿ ਦਿੱਤਾ ਹੈ। ਇਸ ਸ਼ਰਮਨਾਕ ਘਟਨਾ ਉਤੇ ਮੈਨੂੰ ਅਫਸੋਸ ਹੈ ਮੈਂ ਇਸ ਅਹੁਦੇ ਤੋਂ ਅਸਤੀਫਾ ਦੇਣ ਜਾ ਰਿਹਾ ਹਾਂ।

# ਅਫਗਾਨਿਸਤਾਨ ਵਿੱਚ ਪਾਰਲੀਮੈਂਟਰੀ ਚੋਣਾਂ ਦੌਰਾਨ ਧਮਾਕੇ, 130 ਦੇ ਕਰੀਬ ਮੌਤਾਂ

ਕਾਬੁਲ, 21 ਅਕਤੂਬਰ (ਪੋਸਟ ਬਿਊਰੋ)- ਅਫਗਾਨਿਸਤਾਨ 'ਚ ਅੱਠ ਸਾਲ ਬਾਅਦ ਸ਼ਨੀਵਾਰ ਨੂੰ ਪਹਿਲੀ ਵਾਰ ਹੋਈਆਂ ਪਾਰਲੀਮੈਂਟਰੀ ਚੋਣਾਂ ਦੌਰਾਨ ਦੋ ਤੋਂ ਵੱਧ ਥਾਵਾਂ 'ਤੇ ਹੋਏ ਧਮਾਕਿਆਂ ਕਾਰਨ ਘੱਟੋ-ਘੱਟ 130 ਵਿਅਕਤੀ ਮਾਰੇ ਗਏ ਅਤੇ ਕਈ ਹੋਰ ਜ਼ਖਮੀ ਹੋ ਗਏ। ਜੰਗ ਪੀੜਤ ਇਸ ਦੇਸ਼ ਵਿੱਚ ਚੋਣਾਂ ਅੱਤਵਾਦੀਆਂ ਦੇ ਨਿਸ਼ਾਨੇ 'ਤੇ ਹਨ।



ਇਟਲੀ ਦੇ ਇੱਕ ਗੈਰ ਸਰਕਾਰੀ ਸੰਗਠਨ ਨੇ ਇਨ੍ਹਾਂ ਹਮਲਿਆਂ ਵਿੱਚ ਮੌਤਾਂ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਘੱਟੋ-ਘੱਟ ਤਿੰਨ ਪੋਲਿੰਗ ਕੇਂਦਰਾਂ ਉਤੇ ਹਮਲੇ ਹੋਏ। ਇੱਕ ਪੁਲਸ ਅਫਸਰ ਨੇ ਕਿਹਾ ਕਿ ਹਮਲਿਆਂ ਦੇ ਬਾਵਜੂਦ ਲੋਕਾਂ ਨੂੰ ਵੋਟਾਂ ਪਾਉਣ ਤੋਂ ਰੋਕਣ ਦਾ ਅੱਤਵਾਦੀਆਂ ਦਾ ਇਰਾਦਾ ਸਫਲ ਨਹੀਂ ਹੋਇਆ। ਲੋਕ ਉਤਸ਼ਾਹ ਨਾਲ ਵੋਟਾਂ ਪਾਉਣ ਲਈ ਘਰਾਂ ਤੋਂ ਨਿਕਲੇ। ਧਮਾਕੇ ਪਿੱਛੋਂ ਰਾਜਧਾਨੀ ਦੇ ਉੱਤਰ ਵਿੱਚ ਇੱਕ ਸਕੂਲ ਵਿੱਚੋਂ ਵੋਟਰਾਂ ਨੂੰ ਭੱਜਦੇ ਵੇਖਿਆ ਗਿਆ। ਸੁਰੱਖਿਆ ਅਤੇ ਪੋਲਿੰਗ ਵਿੱਚ ਗੜਬੜ ਦੇ ਡਰ ਦੇ ਦੌਰਾਨ ਵੋਟਾਂ ਪੈਂਦੀਆਂ ਰਹੀਆਂ। ਦੇਸ਼ ਦੇ ਰਾਸ਼ਟਰਪਤੀ ਅਸ਼ਰਫ ਗਨੀ ਨੇ ਪੋਲਿੰਗ ਦੇ ਸ਼ੁਰੂ ਹੁੰਦੇ ਸਾਰ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਕੀਤੀ। ਉਸ ਤੋਂ ਬਾਅਦ ਟੀ ਵੀ ਉਤੇ ਉਨ੍ਹਾਂ ਆਪਣੇ ਇੱਕ ਭਾਸ਼ਣ ਦੌਰਾਨ ਲੋਕਾਂ ਨੂੰ ਚੋਣਾਂ ਲਈ ਵਧਾਈ ਦਿੱਤੀ ਤੇ ਦੇਸ਼ ਦੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਵੋਟਾਂ ਪੁਆਉਣ ਲਈ ਸੁਰੱਖਿਆ ਫੋਰਸਾਂ ਦੇ ਜਵਾਨਾਂ ਦੀ ਸ਼ਲਾਘਾ ਕੀਤੀ। ਆਜ਼ਾਦ ਚੋਣ ਕਮਿਸ਼ਨ ਮੁਤਾ-ਬਕ ਦੇਸ਼ ਵਿੱਚ 88 ਲੱਖ ਰਜਿਸਟਰਡ ਵੋਟਰ ਹਨ। ਨਾਟੋ ਵੱਲੋਂ 2014 ਵਿੱਚ ਅੱਤਵਾਦ ਰੋਕੂ ਮੁਹਿੰਮ ਖਤਮ ਹੋਣ ਪਿੱਛੋਂ ਪਹਿਲੀ ਵਾਰ ਦੇਸ਼ ਵਿੱਚ ਵੋਟਾਂ ਪਈਆਂ ਹਨ। ਵੋਟਾਂ ਦਾ ਪੈਣ ਦਾ ਕੰਮ ਸ਼ਾਮ ਚਾਰ ਵਜੇ ਖਤਮ ਹੋ ਗਿਆ।

# ਪਾਕਿਸਤਾਨ ਦੇ ਅੱਤਵਾਦ ਵਿਰੋਧੀ ਦਾਅਵੇ ਬਾਰੇ ਐਫ ਏ ਟੀ ਐਫ ਖੁਸ਼ ਨਹੀਂ

ਇਸਲਾਮਾਬਾਦ, 21 ਅਕਤੂਬਰ (ਪੋਸਟ ਬਿਊਰੋ)- ਅੱਤਵਾਦ ਨੂੰ ਵਿੱਤੀ ਮਦਦ ਰੋਕਣ ਬਾਰੇ ਪਾਕਿਸਤਾਨ ਵੱਲੋਂ ਚੁੱਕੇ ਗਏ ਕਦਮਾਂ 'ਤੇ ਵਿੱਤੀ ਕਾਰਵਾਈ ਟਾਸਕ ਫੋਰਸ (ਐੱਫ ਏ ਟੀ ਐੱਫ) ਨੇ ਬੇਚੈਨੀ ਪ੍ਰਗਟਾਈ ਹੈ। ਐੱਫ ਏ ਟੀ ਐੱਫ ਨੇ ਕਿਹਾ ਹੈ ਕਿ ਜੇ ਪਾਕਿਸਤਾਨ ਮਨੀ ਲਾਂਡਰਿੰਗ ਰੋਕਥਾਮ ਨਿਗਰਾਨੀ ਸੰਗਠਨ ਦੀ ਕਾਲੀ ਸੂਚੀ ਵਿੱਚ ਪਾਏ ਜਾਣ ਤੋਂ ਬਚਣਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੇ ਕਾਨੂੰਨੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਠੋਸ ਕਦਮ ਚੁੱਕਣੇ ਪੈਣਗੇ। ਕੱਲ੍ਹ ਮੀਡੀਆ 'ਚ ਆਈ ਇੱਕ ਰਿਪੋਰਟ ਮੁਤਾਬਕ ਫਿਲਹਾਲ ਐੱਫ ਏ ਟੀ ਐੱਫ ਦੀ 'ਗ੍ਰੇਅ ਸੂਚੀ' ਵਿੱਚ ਸ਼ਾਮਲ ਪਾਕਿ-ਸਤਾਨ ਉਨ੍ਹਾਂ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਹੋਣ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ 'ਚ ਮਨੀ ਲਾਂਡਰਿੰਗ ਤੇ ਅੱਤਵਾਦ ਨੂੰ ਵਿੱਤੀ ਮਦਦ ਰੋਕਣ ਦੇ ਨਿਯਮਾਂ ਦਾ ਪਾਲਣ ਨਾ ਕਰਨ ਵਾਲੇ ਦੇਸ਼ਾਂ ਨੂੰ ਰੱਖਿਆ ਜਾਂਦਾ ਹੈ। ਜੇ ਉਸ ਨੂੰ ਇਸ ਸੂਚੀ ਵਿੱਚ ਪਾ ਦਿੱਤਾ ਗਿਆ ਤਾਂ ਪਹਿਲਾਂ ਤੋਂ ਖਰਾਬ ਚੱਲ ਰਹੇ ਉਸ ਦੇ ਅਰਥਚਾਰੇ ਨੂੰ ਹੋਰ ਝਟਕਾ ਲੱਗੇਗਾ।




ਪਾਕਿਸਤਾਨ ਵੱਲੋਂ ਚੁੱਕੇ ਕਦਮਾਂ ਦੀ ਪਰਖ ਲਈ ਐੱਫ ਏ ਟੀ ਐੱਫ ਦੇ ਏਸ਼ੀਆ-ਪੈਸੇਫਿਕ ਗਰੁੱਪ (ਏ ਪੀ ਜੀ) ਦੀ ਨੌਂ ਮੈਂਬਰੀ ਟੀਮ ਬੀਤੇ ਅੱਠ ਅਕਤੂਬਰ ਤੋਂ 19 ਅਕਤੂਬਰ ਤੱਕ ਓਥੇ ਰਹੀ ਸੀ। ਸਤੰਬਰ 2019 ਤੋਂ 'ਗ੍ਰੇਅ ਸੂਚੀ' ਤੋਂ ਪਾਕਿਸਤਾਨ ਨੂੰ ਬਾਹਰ ਕਰਨ ਲਈ ਚਾਲੀ ਸਿਫਾਰਸ਼ਾਂ ਵਾਲੀ ਰਿਪੋਰਟ 'ਤੇ ਪਾਕਿ ਨੂੰ ਅਮਲ ਕਰਨਾ ਹੈ, ਜਿਸ 'ਤੇ ਜੂਨ 'ਚ ਉਸ ਨੇ ਸਹਿਮਤੀ ਦਿੱਤੀ ਸੀ। ਏ ਪੀ ਜੀ 19 ਨਵੰਬਰ ਤੱਕ ਪਾਕਿਸਤਾਨੀ ਅਧਿਕਾਰੀਆਂ ਨੂੰ ਆਪਣੀ ਰਿਪੋਰਟ ਦਾ ਖਰੜਾ ਸੌਂਪੇਗੀ। ਡਾਨ ਅਖਬਾਰ ਦੀ ਖਬਰ ਮੁਤਾਬਕ ਏ ਪੀ ਜੀ ਟੀਮ ਨੇ ਮਨੀ ਲਾਂਡਰਿੰਗ ਤੇ ਅੱਤਵਾਦ ਨੂੰ ਵਿੱਤੀ ਮਦਦ ਰੋਕਣ ਦੇ ਖਿਲਾਫ ਕੌਮਾਂਤਰੀ ਪ੍ਰਕਿਰਿਆਵਾਂ ਦੇ ਪਾਲਣ ਬਾਰੇ ਪਾਕਿ-ਸਤਾਨ ਦੀ ਕਦਮ 'ਤੇ ਅਸੰਤੁਸ਼ਟੀ ਪ੍ਰਗਟਾਈ ਹੈ। ਖਬਰ 'ਚ ਕਿਹਾ ਗਿਆ ਹੈ ਕਿ ਜਿਨ੍ਹਾਂ ਖੇਤਰਾਂ ਵਿੱਚ ਕਾਨੂੰਨੀ ਢਾਂਚਾ ਮਜ਼ਬੂਤ ਮਿਲਿਆ, ਉਥੇ ਏ ਪੀ ਜੀ ਨੂੰ ਉਸ ਦਾ ਪ੍ਰਬੰਧ ਕਾਫੀ ਕਮਜ਼ੋਰ ਮਿਲਿਆ। ਸੂਤਰਾਂ ਮੁਤਾਬਕ ਵਫਦ ਨੇ ਸਾਫ ਕਿਹਾ ਕਿ ਪਾਕਿ ਨੂੰ ਗ੍ਰੇਅ-ਸੂਚੀ ਤੋਂ ਬਾਹਰ ਨਿਕਲਣਾ ਹੈ ਤਾਂ ਮਾਰਚ-ਅਪ੍ਰੈਲ ਵਿੱਚ ਉਸ ਦੇ ਅਗਲੇ ਨਿਰੀਖਣ ਤੋਂ ਪਹਿਲਾਂ ਉਸ ਨੂੰ ਠੋਸ ਤਰੱਕੀ ਕਰਨੀ ਪਵੇਗੀ।

## ਚੀਨ-ਹਾਂਗਕਾਂਗ ਦਰਮਿਆਨ ਬਣਿਆ ਸਭ ਤੋਂ ਲੰਮਾ ਪੁਲ ਬੁੱਧਵਾਰ ਨੂੰ ਖੁੱਲ੍ਹੇਗਾ

ਬੀਜਿੰਗ, 21 ਅਕਤੂਬਰ (ਪੋਸਟ ਬਿਊਰੋ)- ਚੀਨ-ਹਾਂਗਕਾਂਗ ਵਿਚਾਲੇ ਬਣਿਆ ਦੁਨੀਆ ਦਾ ਸਭ ਤੋਂ ਲੰਬਾ ਸਮੁੰਦਰੀ ਪੁਲ ਆਉਂਦ ਬੁੱਧਵਾਰ ਜਨਤਾ ਲਈ ਖੋਲ੍ਹ ਦਿੱਤਾ ਜਾਵੇਗਾ।

ਵਰਨਣ ਯੋਗ ਹੈ ਕਿ 55 ਕਿਲੋਮੀਟਰ ਲੰਬੇ ਇਸ ਪੁਲ ਦਾ ਨਾਂਅ ਹਾਂਗਕਾਂਗ-ਝੂਹੈਈ-ਮਕਾਊ ਹੈ ਤੇ ਪਰਲ ਰਿਵਰ ਈਸਟੂਰੀ ਉਤੇ ਬਣੇ ਇਸ ਪੁਲ ਦਾ ਕੰਮ ਦਸੰਬਰ 2009 'ਚ ਸ਼ੁਰੂ ਹੋਇਆ ਸੀ। ਇਸ ਦੇ ਬਣਨ ਤੋਂ ਬਾਅਦ ਹਾਂਗਕਾਂਗ ਅਤੇ ਚੀਨ ਦੇ ਝੂਹੈਈ ਸ਼ਹਿਰ ਦੀ ਦੂਰੀ ਤਿੰਨ ਘੰਟੇ ਤੋਂ ਘਟ ਕੇ ਸਿਰਫ ਤੀਹ ਮਿੰਟ ਰਹਿ ਜਾਵੇਗੀ। ਸਥਾਨਕ ਅਖਬਾਰ ਦੇ ਮੁਤਾਬਕ ਹਾਂਗਕਾਂਗ ਦੇ ਪਾਰਲੀਮੈਂਟ ਮੈਂਬਰਾਂ ਨੇ ਕਿਹਾ ਕਿ ਇਹ ਪੁਲ ਹਾਂਗਕਾਂਗ ਕੌਮਾਂਤਰੀ ਹਵਾਈ ਅੱਡੇ



ਨੂੰ ਜੋੜਦਾ ਹੈ, ਇਸ ਕਾਰਨ ਹਾਂਗਕਾਂਗ ਦੇ ਲੰਤਾਊ ਟਾਪੂ 'ਤੇ ਵਾਧੂ ਟਰੈਫਿਕ ਦਾ ਬੋਝ ਵਧ ਜਾਵੇਗਾ। ਇਸ ਨਾਲ ਜਾਮ ਦੀ ਸਮੱਸਿਆ ਪੈਦਾ ਹੋ ਜਾਵੇਗੀ। ਟਰਾਂਸਪੋਰਟ ਵਿਭਾਗ ਪਹਿਲਾਂ ਹੀ ਸਾਫ ਕਰ ਚੁੱਕਾ ਹੈ ਕਿ ਪੰਜ ਹਜ਼ਾਰ ਤੋਂ ਵੱਧ ਨਿੱਜੀ ਵਾਹਨਾਂ ਨੂੰ ਪੁਲ ਤੋਂ ਲੰਘਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਾਲ 2016 ਦੀ ਇੱਕ ਰਿਪੋਰਟ ਮੁਤਾਬਕ 2030 ਤੱਕ ਕਰੀਬ 29 ਹਜ਼ਾਰ ਵਾਹਨ ਪੁਲ ਦੀ ਵਰਤੋਂ ਕਰਨਗੇ, ਜੋ 2008 ਵਿੱਚ ਜਾਰੀ ਰਿਪੋਰਟ ਤੋਂ 12 ਫੀਸਦੀ ਘੱਟ ਹਨ।

## ਅਮਰੀਕੀ ਕੰਪਨੀਆਂ 'ਚ ਵੱਡੇ ਅਹੁਦੇ 'ਤੇ ਔਰਤਾਂ ਦੀ ਗਿਣਤੀ ਘੱਟ ਵੇਖੀ ਗਈ

ਨਿਊਯਾਰਕ, 21 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਵਿਚ ਇਸ ਸਾਲ ਨੂੰ ਰਾਜਨੀਤੀ ਵਿਚ ਔਰਤਾਂ ਦੀ ਹਿੱਸੇਦਾਰੀ ਦੇ ਸਾਲ ਵਿਚ ਰੂਪ ਵਿਚ ਦੱਸਿਆ ਜਾ ਰਿਹਾ ਹੈ, ਪਰ ਕਾਰੋਬਾਰੀ ਦੁਨੀਆ ਵਿਚ ਮਹਿਲਾ ਬੌਸ ਦੀ ਗਿਣਤੀ ਕਾਫੀ ਘੱਟ ਹੈ। ਕੁਝ ਲੋਕ ਚਿਤਾਵਨੀ ਦੇ ਰਹੇ ਹਨ ਕਿ ਇਹ ਸਥਿਤੀ ਸੁਧਰਨ ਵਾਲੀ ਨਹੀਂ, ਕਿਉਂਕਿ 'ਮੀ ਟੂ' ਮੁਹਿੰਮ ਦੇ ਦੌਰ ਵਿਚ ਪੁਰਸ਼ ਬੌਸ ਆਪਣੀ ਜਵਾਨ ਮਹਿਲਾ ਸਾਥੀ ਦੇ ਮਾਰਗ ਦਰਸ਼ਕ ਦੀ ਭੂਮਿਕਾ ਨਹੀਂ ਨਿਭਾਉਣਾ ਚਾਹੁੰਦੇ।

ਵਰਨਣ ਯੋਗ ਹੈ ਕਿ 'ਮੀ ਟੂ' ਮੁਹਿੰਮ ਨੇ ਯੌਨ ਸ਼ੋਸ਼ਣ ਤੇ ਵਰਕਿੰਗ ਪਲੇਸ ਉੱਤੇ ਗਲਤ ਵਿਹਾਰ ਬਾਰੇ ਜਾਗਰੂਕਤਾ ਕਾਫੀ ਵਧਾ ਦਿੱਤੀ ਹੈ। ਕੁਝ ਸਮਾਂ ਪਹਿਲਾਂ ਪੈਪਸਿਕੋ ਦੀ ਮੁਖੀ ਇੰਦਰਾ ਨੂਈ ਨੇ ਅਹੁਦਾ ਛੱਡਣ ਦਾ ਐਲਾਨ ਕਰ ਦਿੱਤਾ ਸੀ। ਇਸ ਐਲਾਨ ਨਾਲ ਉੱਚੇ ਅਹੁਦਿਆਂ 'ਤੇ ਔਰਤਾਂ ਦੀ ਗਿਣਤੀ ਵਿਚ ਗਿਰਾਵਟ ਦੇ ਟਰੈਂਡ ਦੀ ਮਜ਼ਬੂਤੀ ਦੇ ਸਬੂਤ ਹੋਰ ਪੱਕੇ ਹੋਏ ਹਨ। ਹੈਰਾਨੀ ਦੀ ਗੱਲ ਹੈ ਕਿ ਅਜਿਹੀ ਸਥਿਤੀ ਉਸ ਦੌਰ ਵਿਚ ਹੈ, ਜਦੋਂ ਵਰਕਿੰਗ ਪਲੇਸ ਉੱਤੇ ਸਮਾਨਤਾ ਦੀ ਚਰਚਾ ਜੋਰ ਉੱਤੇ ਹੈ ਅਤੇ ਉੱਚ ਅਹੁਦੇ ਤੱਕ ਪਹੁੰਚਣ ਲਈ ਔਰਤਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਪਿਛਲੇ ਸਾਲਾਂ ਵਿੱਚ ਕਈ ਔਰਤਾਂ ਨੇ ਕੰਪਨੀ ਦੇ ਮੁਖੀ ਦਾ ਅਹੁਦਾ ਛੱਡਿਆ ਹੈ। ਇਨ੍ਹਾਂ ਵਿਚ ਕੈਂਪਬੇਲ ਸੂਪ ਦੀ ਡੇਨਿਸ ਮੌਰੀਸਨ, ਮੇਟਲ ਦੀ ਮਾਰਗੋ ਜੌਰਜੀਆਡੀਜ਼, ਐਵਾਨ ਦੀ ਸ਼ੇਰਿਲਿਨ ਮੈਕੋਏ, ਹੈਵਲੇਟ ਪੈਕਾਰਡ ਦੀ ਮੇਗ ਵ੍ਹੀਟਮੈਨ, ਜੇਰਾਕਸ ਦੀ ਉਰਸੁਲਾ ਬਰਨਸ ਅਤੇ ਡਿਊਪੋਰਟ ਦੀ ਅਲੇਨ ਬੁਲਮੈਨ ਵਰਗੀਆਂ ਔਰਤਾਂ ਸ਼ਾਮਲ ਹਨ। ਇਨ੍ਹਾਂ ਸਾਰਿਆਂ ਦੀ ਜਗ੍ਹਾ ਪੁਰਸ਼ਾਂ ਨੇ ਲਈ ਹੈ। ਇਸ ਸਮੇਂ ਸਟੈਂਡਰਡ ਐਂਡ ਪੂਅਰਜ਼ ਦੀਆਂ 500 ਵਿਚ ਸ਼ਾਮਲ ਕੰਪਨੀਆਂ ਵਿਚ ਪੰਜ ਫੀਸਦੀ ਤੋਂ ਘੱਟ ਔਰਤਾਂ ਹਨ। ਇਹ ਅਨੁਪਾਤ ਸਾਲ 2017 ਵਿਚ 5.4 ਫੀਸਦੀ ਹੁੰਦਾ ਸੀ। ਸੀਨੀਅਰ ਅਹੁਦਿਆਂ ਉੱਤੇ ਔਰਤਾਂ ਲਈ ਵਕਾਲਤ ਕਰਨ ਵਾਲੇ ਐਨ ਜੀ ਓ ਕੈਟਾਲਿਸਟਸ ਦੀ ਮੁਖੀ ਅਧਿਕਾਰੀ ਲਾਰੇਨ ਹੈਰੀਟਨ ਨੇ ਕਿਹਾ ਕਿ ਖਾਸ ਤੌਰ 'ਤੇ ਗੈਰ ਗੋਰੀਆਂ ਔਰਤਾਂ ਉੱਚ ਅਹੁਦੇ ਉਤੇ ਨਹੀਂ ਪਹੁੰਚ ਰਹੀਆਂ।

## ਇਰਾਕ ਵਿੱਚ ਪ੍ਰਸਿੱਧੀ ਵਾਲੀਆਂ ਔਰਤਾਂ ਦੇ ਕਤਲਾਂ ਨਾਲ ਦਹਿਸ਼ਤ

ਲੇਗਨੀ ਬੇਰਾਨ, 21 ਅਕਤੂਬਰ (ਪੋਸਟ ਬਿਊਰੋ)- ਸਤੰਬਰ ਦੇ ਅਖੀਰਲੇ ਵੀਰਵਾਰ ਇਸ ਦੇਸ਼ ਦੀ 22 ਸਾਲਾ ਸੋਸ਼ਲ ਮੀਡੀਆ ਆਈਕਨ ਤਾਰਾ ਫਾਰੇਸ ਨੂੰ ਬਗਦਾਦ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਅਗਸਤ ਵਿੱਚ ਉਹ ਵੀਰਵਾਰ ਦਾ ਹੀ ਦਿਨ ਸੀ, ਜਦ ਇੱਕ ਮਸ਼ਹੂਰ ਬਿਊਟੀਸ਼ੀਅਨ ਆਪਣੇ ਘਰ ਮਰੀ ਹੋਈ ਮਿਲੀ ਸੀ। ਉਸ ਦੇ ਪਹਿਲੇ ਵੀਰਵਾਰ ਇਰਾਕ ਦੀ ਬਾਰਬੀ ਕਹੀ ਜਾਂਦੀ ਪਲਾਸਟਿਕ ਸਰਜਨ ਦੀ ਭੇਤਭਰੀ ਹਾਲਤ ਵਿੱਚ ਮੌਤ ਹੋ ਗਈ। ਫਿਰ ਸਾਬਕਾ ਮਿਸ ਇਰਾਕ ਸ਼ਿਮਾ ਕਾਸਿਮ ਅਬਦੁਲ ਰਹਿਮਾਨ ਨੂੰ ਕਿਹਾ ਗਿਆ ਕਿ ਉਹ ਵੀ ਵੀਰਵਾਰ ਨੂੰ ਮਰੇ ਹੋਏ ਲੋਕਾਂ ਵਿੱਚੋਂ ਹੋ ਸਕਦੀ ਹੈ।


ਤਾਰਾ ਫਾਰੇਸ ਦੀ ਫਾਇਲ ਫੋਟੋ।

ਸਾਲ 2015 ਵਿੱਚ ਮਿਸ ਇਰਾਕ ਦਾ ਖਿਤਾਬ ਜਿੱਤਣ ਵਾਲੀ ਸ਼ਿਮਾ ਦੱਸਦੀ ਹੈ ਕਿ ਉਸ ਨੂੰ ਆਈ ਐੱਸ ਆਈ ਐੱਸ ਦੇ ਲੋਕਾਂ ਵੱਲੋਂ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ, ਪਰ ਪਾਰੇਸ ਦੇ ਕਤਲ ਅਤੇ ਅਗਲਾ ਨਿਸ਼ਾਨਾ ਬਣਾਏ ਜਾਣ ਦੀ ਚਿਤਾਵਨੀ ਮਿਲਣ ਪਿੱਛੋਂ ਸ਼ਿਮਾ ਨੇ ਜਾਰਡਨ ਭੱਜਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਅੱਠ ਅਕਤੂਬਰ ਨੂੰ ਕੁਰਦਿਸ਼ ਨਿਊਜ਼ ਸਾਈਟ ਰੂਦਾ ਨੂੰ ਕਿਹਾ, ਉਨ੍ਹਾਂ ਨੇ ਕਈ ਲੋਕਾਂ ਨੂੰ ਚਿੱਟੇ ਦਿਨ ਮਾਰ ਦਿੱਤਾ ਹੈ। ਇੰਸਟਾਗ੍ਰਾਮ ਸਟਾਰ ਇਸਰਾ ਅਲ ਓਬੇਦੀ, ਐਕਟੀਵਿਸਟ ਯਨਰ ਮੁਹੰਮਦ ਸਮੇਤ ਕਈ ਮਸ਼ਹੂਰ ਇਰਾਕੀ ਹਸਤੀਆਂ ਵਿੱਚੋਂ ਸ਼ਿਮਾ ਵੀ ਸ਼ਾਮਲ ਹੈ, ਜੋ ਜਾਨ ਬਚਾਉਣ ਲਈ ਵਿਦੇਸ਼ ਭੱਜ ਗਏ ਹਨ। ਕਤਲਾਂ ਅਤੇ ਧਮਕੀਆਂ ਦੇ ਇਸ ਦੌਰ ਕਾਰਨ ਇਰਾਕ ਵਿੱਚ ਦਹਿਸ਼ਤ ਦਾ ਮਾਹੌਲ ਹੈ। ਉਨ੍ਹਾਂ ਔਰਤਾਂ ਦੇ ਖਿਲਾਫ ਸੋਚੀ ਸਮਝੀ ਸਾਜ਼ਿਸ਼ ਦੀ ਮੁਹਿੰਮ ਛੇੜੀ ਗਈ ਹੈ, ਜਿਨ੍ਹਾਂ ਨੇ ਖੁੱਲ੍ਹ ਕੇ ਸਾਹਮਣੇ ਆਉਣ ਅਤੇ ਲੈਂਗਿਕ ਭੇਤਭਾਵ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਰਾਕ ਛੱਡਣ ਤੋਂ ਕੁਝ ਸਮਾਂ ਪਹਿਲਾਂ ਯਨਰ ਮੁਹੰਮਦ ਨੇ ਏਅਰਪੋਰਟ 'ਤੇ ਮੀਡੀਆ ਨੂੰ ਦੱਸਿਆ ਕਿ ਉਨ੍ਹਾਂ ਔਰਤਾਂ ਦੇ ਕਤਲ ਹੋਏ ਹਨ, ਜਿਨ੍ਹਾਂ ਨੇ ਆਪਣਾ ਚਿਹਰਾ ਅਤੇ ਸਰੀਰ ਦਿਖਾਇਆ, ਜੋ ਔਰਤਾਂ ਦੇ ਅਧਿਕਾਰਾਂ 'ਤੇ ਖੁੱਲ੍ਹ ਕੇ ਬੋਲਦੀਆਂ ਸਨ ਅਤੇ ਜਿਨ੍ਹਾਂ ਨੇ ਪੁਰਾਣੇ ਇਸਲਾਮੀ ਤੌਰ-ਤਰੀਕੇ ਨਹੀਂ ਅਪਣਾਏ।

ਇਰਾਕੀ ਮਹਿਲਾ ਨੈੱਟਵਰਕ ਦੀ ਮੁਖੀ ਹੰਨਾ ਐਡਵਾਰ ਨੇ ਟਾਈਮ ਨੂੰ ਦੱਸਿਆ ਕਿ ਭਾਵੇਂ ਕਿਸੇ ਇੱਕ ਗਰੁੱਪ ਨੇ ਸਾਰੀਆਂ ਹੱਤਿਆਵਾਂ ਨਹੀਂ ਕੀਤੀਆਂ, ਫਿਰ ਵੀ ਉਨ੍ਹਾਂ ਦੇ ਅੱਤਵਾਦੀ ਸੋਚ-ਵਿਚਾਰ ਦਾ ਤਰੀਕਾ ਇਹੀ ਹੈ ਕਿ ਉਹ ਔਰਤਾਂ ਨੂੰ ਜਨਤਕ ਜੀਵਨ ਵਿੱਚ ਸਰਗਰਮ ਨਹੀਂ ਦੇਖਣਾ ਚਾਹੁੰਦੇ। ਕਿਸੇ ਸਮੇਂ ਇਰਾਕ ਵਿੱਚ ਔਰਤਾਂ ਨੂੰ ਬਹੁਤ ਜ਼ਿਆਦਾ ਖੁੱਲ੍ਹ ਸੀ, ਪਰ 2003 ਦੇ ਬਾਅਦ ਔਰਤਾਂ ਦੇ ਅਧਿਕਾਰਾਂ ਵਿੱਚ ਗਿਰਾਵਟ ਆਈ ਹੈ। ਅਮਰੀਕੀ ਅਗਵਾਈ ਦੇ ਗਠਜੋੜ ਵੱਲੋਂ ਸੱਦਾਮ ਹੁਸੈਨ ਸ਼ਾਸਨ ਦਾ ਅੰਤ ਕਰਨ ਦੇ ਬਾਅਦ ਅੱਤਵਾਦੀ ਅਨਸਰ ਪੈਦਾ ਹੋਏ ਹਨ।

ਐਡਵਾਰ ਕਹਿੰਦੀ ਹੈ, ਅੱਤਵਦੀ ਸੰਗਠਨ ਦੱਸਣਾ ਚਾਹੁੰਦੇ ਹਨ ਕਿ ਲੋਕਾਂ ਦੀ ਸੁਰੱਖਿਆ ਉਨ੍ਹਾਂ ਦੇ ਹੱਥ ਹੈ ਸਰਕਾਰ ਦੇ ਨਹੀਂ। ਇਰਾਕ ਵਿੱਚ ਚੋਣਾਂ ਦੇ ਕਰੀਬ ਪੰਜ ਮਹੀਨੇ ਪਿੱਛੋਂ ਇਸ ਮਹੀਨੇ ਨਵੀਂ ਸਰਕਾਰ ਬਣ ਜਾਣੀ ਹੈ। ਮੌਜੂਦਾ ਪ੍ਰਧਾਨ ਮੰਤਰੀ ਹੈਦਰ ਅਲ ਅਬਾਦੀ ਨੇ ਸਾਜ਼ਿਸ਼ ਤਹਿਤ ਅਗਵਾ ਅਤੇ ਕਤਲਾਂ ਵਿੱਚ ਅਣਪਛਾਤੇ ਸੰਗਠਿਤ ਗਿਰੋਹਾਂ ਦਾ ਹੱਥ ਹੋਣ ਦਾ ਦੋਸ਼ ਲਗਾਇਆ ਹੈ। ਇਹ ਗੁਟ ਸਰਕਾਰ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ।

## ਯੂਰਪੀਨ ਯੂਨੀਅਨ ਵਿੱਚ ਬਣੇ ਰਹਿਣ ਦੀ ਮੰਗ ਲਈ ਲੰਡਨ ਵਿੱਚ ਵੱਡਾ ਪ੍ਰਦਰਸ਼ਨ

ਲੰਡਨ, 21 ਅਕਤੂਬਰ (ਪੋਸਟ ਬਿਊਰੋ)- ਯੂਰਪੀ ਯੂਨੀਅਨ (ਈ ਯੂ) ਵਿਚ ਬਣੇ ਰਹਿਣ ਦੀ ਮੰਗ ਨੂੰ ਲੈ ਕੇ ਸ਼ਨੀਵਾਰ ਨੂੰ 6,70,000 ਲੋਕਾਂ ਨੇ ਲੰਡਨ ਵਿਚ ਮਾਰਚ ਕੀਤਾ। ਬ੍ਰੈਗਜ਼ਿਟ (ਯੂਰਪੀ ਯੂਨੀਅਨ ਤੋਂ ਵੱਖ ਹੋਣ ਦਾ ਮੁੱਦਾ) ਉੱਤੇ ਚੁਣ ਕੇ ਆਈ ਥੈਰੇਸਾ ਮੇਅ ਸਰਕਾਰ ਲਈ ਇਹ ਪ੍ਰਦਰਸ਼ਨ ਵੱਡੀ ਚੁਣੌਤੀ ਵਜੋਂ ਦੇਖਿਆ ਜਾ ਰਿਹਾ ਹੈ। ਇਸ ਦੀ ਵਾਰਤਾ ਵਿਰੁੱਧ ਇੰਨਾ ਵੱਡਾ ਵਿਰੋਧ ਪ੍ਰਦਰਸ਼ਨ ਪਹਿਲੀ ਵਾਰ ਹੋਇਆ ਹੈ। ਸਾਲ 2016 ਵਿਚ ਬ੍ਰੈਗਜ਼ਿਟ ਉਤੇ ਹੋਈ ਵੋਟਿੰਗ ਵਿਚ 52 ਫੀਸਦੀ ਲੋਕਾਂ ਨੇ ਯੂਰਪੀ ਯੂਨੀਅਨ ਤੋਂ ਵੱਖ ਹੋਣ ਦੀ ਰਾਏ ਜ਼ਾਹਰ ਕੀਤੀ ਸੀ। ਕੱਲ੍ਹ ਲੰਡਨ ਵਿੱਚ ਪ੍ਰਦਰਸ਼ਨਕਾਰੀ ਈ ਯੂ ਦਾ ਨੀਲਾ ਅਤੇ ਸੁਨਿਹਰੀ ਰੰਗ ਦਾ ਝੰਡਾ ਹੱਥ ਵਿਚ ਲੈ ਕੇ ਬ੍ਰੈਗਜ਼ਿਟ ਵਾਰਤਾ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਸਨ। ਇਹ ਵਾਰਤਾ ਯੂਰਪੀ ਯੂਨੀਅਨ ਨਾਲੋਂ ਬ੍ਰਿਟੇਨ ਦਾ ਰਿਸ਼ਤਾ ਤੋੜਨ ਦੇ ਸਿਲਸਿਲੇ ਵਿਚ ਚੱਲ ਰਹੀ ਹੈ ਅਤੇ ਇਹ 28 ਯੂਰਪੀ ਦੇਸ਼ਾਂ ਦਾ ਸੰਗਠਨ ਯੂਰਪੀ ਯੂਨੀਅਨ ਦੁਨੀਆ ਦੇ ਵਪਾਰ ਦਾ ਸਭ ਤੋਂ ਵੱਡਾ ਪਲੇਟਫਾਰਮ ਹੈ। ਪ੍ਰਦਰਸ਼ਨ ਦਾ ਸੱਦਾ ਦੇਣ ਵਾਲੇ ਲੋਕਾਂ ਵਿਚ ਸ਼ਾਮਲ ਜੇਮਸ ਮੈਕਗ੍ਰੋਰੀ ਮੁਤਾਬਕ ਲੋਕਾਂ ਨੂੰ ਅਹਿਸਾਸ ਹੋ ਰਿਹਾ ਹੈ ਕਿ ਬ੍ਰੈਗਜ਼ਿਟ ਦਾ ਉਨ੍ਹਾਂ ਦੀ ਜ਼ਿੰਦਗੀ ਅਤੇ ਆਉਣ ਵਾਲੀਆਂ ਪੀੜ੍ਹੀਆਂ 'ਤੇ ਬੁਰਾ ਅਸਰ ਪਵੇਗਾ। ਇਸ ਲਈ ਜ਼ਿਆਦਾਤਰ ਲੋਕ ਯੂਰਪੀ ਯੂਨੀਅਨ ਨਾਲ ਬਣੇ ਰਹਿਣਾ ਚਾਹੁੰਦੇ ਹਨ। ਇਹ ਸਾਰੇ ਪ੍ਰਦਰਸ਼ਨਕਾਰੀ ਲੋਕ ਏਥੇ ਹਾਈਡ ਪਾਰਕ ਵਿਚ ਇਕੱਠੇ ਹੋਏ ਅਤੇ ਉਹ ਪ੍ਰਧਾਨ ਮੰਤਰੀ ਦੀ ਰਿਹਾਇਸ਼ ਡਾਊਨਿੰਗ ਸਟ੍ਰੀਟ ਦੇ ਸਾਹਮਣੇ ਤੋਂ ਲੰਘਦੇ ਹੋਏ ਪਾਰਲੀਮੈਂਟ ਤੱਕ ਗਏ ਤੇ ਓਥੇ ਜਾ ਕੇ ਜਲੂਸ ਦਾ ਰਸਤਾ ਪੂਰਾ ਹੋਇਆ।

# ਇਟਲੀ ਵਿੱਚ ਦੋ ਸਿੱਖ ਨੌਜਵਾਨਾਂ ਨੂੰ ਸ੍ਰੀ ਸਾਹਿਬ ਪਹਿਨਣ ਉੱਤੇ ਮੋਟਾ ਜੁਰਮਾਨਾ

ਰੋਮ, 21 ਅਕਤੂਬਰ (ਪੋਸਟ ਬਿਊਰੋ)- ਇਟਲੀ ਵਿੱਚ ਗੁਰਦੁਆਰਿਆਂ ਦੀ ਗਿਣਤੀ ਵਧੀ ਜਾਂਦੀ ਹੈ, ਪਰ ਓਥੋਂ ਦੇ ਸਿੱਖ ਆਗੂ ਕਿਸੇ ਵੀ ਮੰਚ 'ਤੇ ਇਕ ਹੁੰਦੇ ਨਜ਼ਰ ਨਹੀਂ ਆ ਰਹੇ। ਇਨ੍ਹਾਂ ਦੀ ਖਹਿਬਾਜ਼ੀ ਦਾ ਨਤੀਜਾ ਇਟਲੀ ਵਿੱਚ ਅੰਮ੍ਰਿਤਧਾਰੀ ਸਿੱਖਾਂ ਨੂੰ ਜੁਰਮਾਨਿਆਂ ਵਜੋਂ ਭੁਗਤਣਾ ਪੈ ਰਿਹਾ ਹੈ।



ਇਸ ਦੀ ਤਾਜ਼ਾ ਮਿਸਾਲ ਹੈ ਕਿ ਦੋ ਸਿੱਖ ਨੌਜਵਾਨਾਂ ਬਲਵੀਰ ਸਿੰਘ ਅਤੇ ਨਿਸ਼ਾਨ ਸਿੰਘ ਨੂੰ ਇਟਲੀ ਦੀ ਪੁਲਸ ਨੇ ਜਨਤਕ ਤੌਰ ਉਤੇ ਸ੍ਰੀ ਸਾਹਿਬ ਪਹਿਨਣ ਕਰਕੇ 400-400 ਯੂਰੋ ਦਾ ਜੁਰਮਾਨਾ ਕੀਤਾ ਹੈ। ਦੋਵਾਂ ਨੌਜਵਾਨਾਂ ਦੇ ਅਨੁਸਾਰ ਇਟਲੀ ਦੀਆਂ ਸਿੱਖ ਜਥੇਬੰਦੀਆਂ ਦੇ ਆਗੂਆਂ ਨਾਲ ਇਸ ਬਾਰੇ ਵਿਚਾਰ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਕਿਸੇ ਵੀ ਤਰ੍ਹਾਂ ਦੀ ਮਦਦ ਜਾਂ ਕਾਰਵਾਈ ਕਰਨ ਦਾ ਕੋਈ ਹੁੰਗਾਰਾ ਨਹੀਂ ਭਰਿਆ ਗਿਆ। ਦੂਜੇ ਪਾਸੇ ਜੇ ਇਹ ਸਿੱਖ ਨੌਜਵਾਨ ਕੋਈ ਕਾਨੂੰਨੀ ਕਾਰਵਾਈ ਦੀ ਗੱਲ ਕਰਨ ਤਾਂ ਇਥੋਂ ਦੇ ਵਕੀਲ ਮਹਿੰਗੀ ਫੀਸ ਦੀ ਮੰਗ ਕਰਦੇ ਹਨ ਤੇ ਕੇਸ ਜਿੱਤਣ ਦੀ ਕੋਈ ਜ਼ਿੰਮੇਵਾਰੀ ਵੀ ਨਹੀਂ ਲੈਂਦੇ, ਕਿਉਂਕਿ ਇਟਲੀ ਵਿੱਚ ਜਨਤਕ ਥਾਵਾਂ 'ਤੇ ਸ੍ਰੀ ਸਾਹਿਬ ਪਹਿ-ਨਣਾ ਗੈਰ ਕਾਨੂੰਨੀ ਹੈ।

Honesty, Reliability, Commitment
HomeLife SilverCity
"Open House Until Sold"
o 1 yr Home Warranty
o 40% Discount on Brand Name
o Appliances & Furniture
o Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585

$299,900
Hwy 20 & Stanley St.
Front And Back Duplex Near Center St. And Clifton Hill. Brand New Roof 2016. Main House Has 2 Bdrms, Finished Attic Space And Full Unfinished Bsmnt With Sep. Ent. Covered Front Porch. Current Tenant Pays $750 Inclusive.

$619,000
Wanless & Mclaughlin
Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities

$639,000
Hwy 10/ Sandalwood
A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.

$699,900
Chinguacousy/Queen
Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...

Supervisa,
Travel Insurance
Call: 416.319.0551

MICHELIN
Hankook
Continental
ROADLUX
BFGoodrich
AEOLUS
BEST TRUCK REPAIR & TIRE CENTRE
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ
We also Specialize in Engine, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT
BRAND NEW MACHINES 2018
Chevron
Delo
Brake & Drum - On Special Sale!
-Made in U.S
4 CAT Batteries $500 on Special Sale
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲ੍ਹਾ
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਰੋਹਿਤ ਤੇ ਕੋਹਲੀ ਦੇ ਸੈਂਕੜਿਆਂ ਦੀ ਬਦੌਲਤ ਭਾਰਤ ਨੇ ਲੜੀ ਦਾ ਪਹਿਲਾ ਮੈਚ ਜਿੱਤਿਆ

...ਪੰਨਾ 1 ਦਾ ਬਾਕੀ







ਇਸ ਦੇ ਜਵਾਬ ਵਿੱਚ ਰੋਹਿਤ ਅਤੇ ਵਿਰਾਟ ਨੇ ਇਸ ਮੁਸ਼ਕਲ ਟੀਚੇ ਨੂੰ ਵੀ ਆਸਾਨ ਬਣਾਉਂਦਿਆਂ ਭਾਰਤ ਨੂੰ 47 ਗੇਂਦਾਂ ਬਾਕੀ ਰਹਿੰਦਿਆਂ ਜਿੱਤ ਦਿਵਾ ਦਿੱਤੀ।

